ਉਨ੍ਹਾਂ ਕਿਹਾ ਕਿ ਮਜੀਠੀਆ ਅੰਮ੍ਰਿਤਪਾਲ ਖਿਲਾਫ ਬੋਲ ਰਿਹਾ ਹੈ। ਬਾਕੀ ਉਸ ਦੇ ਹੱਕ 'ਵਿਚ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਦਾ ਮੁੱਦਾ ਗੰਭੀਰ ਮੁੱਦਾ ਹੈ। ਅੱਜ ਪੰਜਾਬ 'ਚ ਸ਼ਾਂਤੀ ਦੀ ਲੋੜ ਹੈ। ਅਕਾਲੀ ਦਲ ਦੋਗਲੀ ਰਾਜਨੀਤੀ ਕਰ ਰਿਹਾ ਹੈ।ਅੰਮ੍ਰਿਤਪਾਲ ਖਿਲਾਫ ਸਾਡੇ ਪ੍ਰਧਾਨ ਨੇ ਸ਼ਿਕਾਇਤ ਦਰਜ ਕਰਵਾਈ ਹੈ ਅੰਮ੍ਰਿਤਪਾਲ ਨੂੰ ਅੰਮ੍ਰਿਤ ਸੰਚਾਰ ਦੀ ਲੋੜ ਨਹੀਂ ਪੈਂਦੀ ਜੇ ਸ਼੍ਰੋਮਣੀ ਕਮੇਟੀ ਨੇ ਕੁਝ ਕੀਤਾ ਹੁੰਦਾ।ਉਨ੍ਹਾਂ ਕਿਹਾ ਕਿ ਜਦ ਵੀ ਪੰਜਾਬ 'ਚ ਕਤਲੇਆਮ ਹੋਇਆ ਤਾਂ ਏਨਾ ਦੀ ਰਾਜਨੀਤੀ ਸਾਹਮਣੇ ਆਈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਐਮਰਜੈਂਸੀ ਵੇਲੇ ਵੀ ਆਪਣੇ ਹਿੱਤ ਵੇਖੇ।ਪੰਜਾਬ ਦੇ ਪਾਣੀਆਂ ਦੇ ਹਿੱਤ ਅਕਾਲੀਆਂ ਨੇ ਵੇਚੇ ਹਨ।ਇਨ੍ਹਾਂ ਨੇ ਹਰਿਆਣੇ 'ਵਿਚ ਮਹਿੰਗੀਆ ਜਮੀਨਾਂ ਤੇ ਹੋਟਲ ਬਣਾਏ ਹਨ। ਔਜਲਾ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸੁਮੇਧ ਸੈਣੀ ਨੂੰ ਪੰਜਾਬ ਦਾ ਡੀਜੀਪੀ ਲਾਇਆ।ਇਨ੍ਹਾਂ ਰਾਮ ਰਹੀਮ ਨੂੰ ਮਾਫੀ ਦਿੱਤੀ।ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਤਲਬ ਕਰਕੇ ਮਾਫੀ ਦਿਵਾਈ।ਇਨ੍ਹਾਂ ਆਪਣਾ ਪਰਿਵਾਰ ਹਮੇਸ਼ਾ ਅੱਗੇ ਰੱਖਿਆ।

## 66 ਸਾਲਾ ਪੰਜਾਬੀ ਔਰਤ ਨੂੰ ਲੱਭਣ ਲਈ ਮੱਦਦ ਦੀ ਲੋੜ



ਸਰੀ:-ਕੁਈਨ ਮੈਰੀ ਬੂਲੇਵਾਰਡ ਦੇ 8900 ਬਲਾਕ ਵਿੱਚ ਵੀਰਵਾਰ, 17 ਨਵੰਬਰ ਨੂੰ ਸਵੇਰੇ 8:30 ਵਜੇ ਆਖਰੀ ਵਾਰ ਵੇਖੀ ਗਈ ਲਾਪਤਾ ਔਰਤ ਗੁਰਮੇਲ ਕੌਰ ਸੰਧੂ, 66, ਨੂੰ ਲੱਭਣ ਲਈ ਸਰੀ ਪੁਲੀਸ ਨੂੰ ਲੋਕਾਂ ਦੀ ਮਦਦ ਦੀ ਲੋੜ ਹੈ।ਕਾਂਸਟੇਬਲ ਸਰਬਜੀਤ ਸੰਘਾ ਨੇ ਕਿਹਾ, "ਇੰਨੇ ਲੰਬੇ ਸਮੇਂ ਤੱਕ ਉਹ ਪਰਿਵਾਰ ਨਾਲ ਸੰਪਰਕ ਤੋਂ ਬਾਹਰ ਕਦੇ ਵੀ ਨਹੀਂ ਰਹੀ। "ਗੁਰਮੇਲ ਕੌਰ ਇੱਕ ਮੈਡੀਕਲ ਸਥਿਤੀ ਤੋਂ ਪੀੜਤ ਹੈ ਜਿਸ ਲਈ ਦਵਾਈ ਦੀ ਲੋੜ ਪੈਨਦੀ ਹੈ। ਉਹ ਨਿਰਾਸ਼ ਜਾਂ ਉਲਝਣ ਵਿੱਚ ਲੱਗ ਸਕਦੀ ਹੈ। ਗੁਰਮੇਲ ਸਿਰਫ ਪੰਜਾਬੀ ਬੋਲਦੀ ਹੈ। ਜੇਕਰ ਕਿਸੇ ਨੂੰ ਪਤਾ ਲਗਦਾ ਹੈ, ਤਾਂ ਕਿਰਪਾ ਕਰਕੇ ਉਸ ਦੇ ਨਾਲ ਰਹੋ ਅਤੇ ਪੁਲਿਸ ਨੂੰ ਕਾਲ ਕਰੋ।"ਗੁਰਮੇਲ ਸੰਧੂ ਚਿੱਟੇ ਵਾਲਾਂ ਅਤੇ ਭੂਰੀਆਂ ਅੱਖਾਂ ਵਾਲਾ ਪੰਜ ਫੁੱਟ ਛੇ ਇੰਚ ਲੰਬਾ ਹੈ।


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC



PAIN
*ICBC Covered *Extended Health Care
MSP Covered Premium Assistance under 10 treatments FREE

| WE TREAT : | ਅਸੀਂ ਇਲਾਜ ਕਰਦੇ ਹਾਂ : |
|---|---|
| • BACK PAIN | • ਪਿੱਠ ਦੀ ਦਰਦ |
| • NECK PAIN | • ਗਰਦਨ ਦੀ ਦਰਦ |
| • HEEL PAIN | • ਅੱਡੀ ਦਾ ਦਰਦ |
| • SHOULDER PAIN | • ਮੋਢਿਆਂ ਦੀ ਦਰਦ |
| • KNEE PAIN | • ਗੋਡਿਆਂ ਦੀ ਦਰਦ |
| • SCIATICA NERVE PAIN | • ਸਕਾਈਟਿਕਾ ਨਰਵ ਦਰਦ |

BEIJING ACUPUNCTURE & TCM CLINIC
☎ 604.496.5056






Dr. PARK HUN MYUNG
R.AC LEE SEUNG YEON
9631-136A ST SURREY (ACROSS SURREY MEMORIAL HOSPITAL)
EMAIL: HUNMYPARK@GMAIL.COM



ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more



We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# ਨਹਿਰੂ ਦੀ ਗਲਤੀ ਕਾਰਨ ਹੀ ਭਾਰਤ ਜੰਮੂ-ਕਸ਼ਮੀਰ 'ਚ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ:ਭਾਰਤੀ ਮੰਤਰੀ

ਨਵੀਂ ਦਿੱਲੀ- ਭਾਰਤ ਦੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਮੰਨਿਆ ਹੈ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਕਸ਼ਮੀਰ ਵਿਵਾਦ ਨੂੰ ਸੰਯੁਕਤ ਰਾਸ਼ਟਰ ਵਿੱਚ ਲੈ ਕੇ ਗਏ ਸਨ, ਜੋ 'ਇਤਿਹਾਸਕ ਭੁੱਲ' ਹੈ।

ਨਵੀਂ ਦਿੱਲੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਦੀਪ ਸਿੰਘ ਪੁਰੀ ਨੇ ਕਸ਼ਮੀਰ ਨੂੰ ਲੈ ਕੇ ਜਵਾਹਰ ਲਾਲ ਨਹਿਰੂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਵੱਲੋਂ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਮੰਚ 'ਤੇ ਲਿਜਾਣ ਦਾ ਫੈਸਲਾ ਇੱਕ 'ਇਤਿਹਾਸਕ ਭੁੱਲ' ਸੀ।

"ਕਸ਼ਮੀਰ ਮੁੱਦੇ ਨੂੰ ਅੰਤਰਰਾਸ਼ਟਰੀ ਜਾਂ ਬਹੁ-ਰਾਸ਼ਟਰੀ ਮੰਚਾਂ 'ਤੇ ਕਿਉਂ ਲਿਜਾਇਆ ਗਿਆ...? ਉਨ੍ਹਾਂ ਸਖਤ ਲਜਿਜ਼ੇ ਵਿੱਚ ਕਿਹਾ ਕਿ ਇਸ ਤੋਂ ਵੱਡੀ ਮੂਰਖਤਾ ਨਹੀਂ ਹੋ ਸਕਦੀ।

ਇਹ ਵੀ ਕਿਹਾ ਕਿ ਮੈਂ ਮੂਰਖਤਾ ਸ਼ਬਦ ਦੀ ਵਰਤੋਂ ਬਹੁਤ ਨਰਮਾਈ ਨਾਲ ਕਰ ਰਿਹਾ ਹਾਂ।ਹਰਦੀਪ ਪੁਰੀ ਨੇ ਕਿਹਾ ਕਿ ਨਹਿਰੂ ਦੀ ਗਲਤੀ ਕਾਰਨ ਹੀ ਭਾਰਤ ਜੰਮੂ-ਕਸ਼ਮੀਰ 'ਚ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ।





Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400


# ਭਾਜਪਾ ਨੇ 97 ਕਤਲਾਂ ਦੇ ਦੋਸ਼ੀ ਦੀ ਧੀ ਨੂੰ ਦਿੱਤੀ ਟਿਕਟ:ਦੋਸ਼ੀ ਪੈਰੋਲ ਤੇ ਆ ਕੇ ਕਰ ਰਿਹੈ ਪ੍ਰਚਾਰ



ਗੁਜਰਾਤ: ਸਾਲ 2002 ਵਿੱਚ ਗੁਜਰਾਤ ਵਿੱਚ ਹਜਾਰਾਂ ਮੁਸਲਮਾਨ ਹਿੰਦੂਤਵੀ ਲੋਕਾ ਵੱਲੋਂ ਮਾਰ ਦਿੱਤੇ ਗਏ ਸਨ।ਇਸ ਕਤਲੇਆਮ ਵਿੱਚ ਮਨੋਜ ਕੁਕਰਾਨੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਫਰਬਰੀ 28, 2002 ਨੂੰ ਅਹਿਮਦਾਬਾਦ ਦੀ ਨਰੋਦਾ ਪਾਟੀਆ ਦੀ ਮੁਸਲਮਾਨ ਬਸਤੀ ਵਿੱਚ 97 ਮੁਸਲਮਾਨਾ ਨੂੰ ਕਤਲ ਕਰ ਦਿੱਤਾ ਗਿਆ ਸੀ।ਇਨਾ ਨੂੰ ਕਤਲ ਕਰਨ ਵਾਲਿਆਂ ਵਿੱਚ ਮਨੋਜ ਕੁਕਰਾਨੀ ਵੀ ਸ਼ਾਮਲ ਸੀ।ਇਸੇ ਨਰੋਦਾ ਪਾਟੀਆ ਵਿਧਾਨ ਸਭਾ ਸੀਟ ਤੋਂ ਭਾਜਪਾ ਨੇ ਮਨੋਜ ਕੁਕਰਾਨੀ ਦੀ ਧੀ ਪਾਇਲ ਨੂੰ ਉਮੀਦਵਾਰ ਬਣਾਇਆ ਹੈ।ਇਸ ਇਲਾਕੇ ਦੇ ਮੁਸਲਮਾਨ ਨਰਾਜ਼ ਹਨ।ਇਥੇ ਰਹਿਣ ਵਾਲੇ ਸਲੀਮ ਸੇਖ ਨੇ ਕਿਹਾ ਕਿ ਮਨੋਜ਼ ਕਕੁਰਾਨੀ ਦੀ ਅਗਵਾਈ ਵਿੱਚ ਮੇਰੀ ਭੈਣ ਅਤੇ ਉਸਦੀ ਕੁੜੀ ਦੇ ਦੋ ਬੱਚਿਆਂ ਦੀ ਇਨਾ ਨੇ ਜਾਨ ਲੈ ਲਈ ਸੀ।ਮੈਂ ਮਨੋਜ ਕੁਕਰਾਨੀ ਦੇ ਖਿਲਾਫ ਗਵਾਹੀ ਵੀ ਦਿੱਤੀ ਸੀ।ਉਸਨੂੰ ਸਜ਼ਾ ਵੀ ਮਿਲੀ ਹੁਣ ਉਹ ਆਪਣੀਂ ਧੀ ਲਈ ਪ੍ਰਚਾਰ ਕਰ ਰਿਹਾ ਹੈ।ਮਨੋਜ ਕੁਕਰਾਨੀ ਦੋਸ਼ੀ ਹੈ ਇਸ ਲਈ ਭਾਜਪਾ ਉਸਨੂੰ ਟਿਕਟ ਨਹੀਂ ਦੇ ਸਕਦੀ ਪਰ ਉਸਦੀ ਲੜਕੀ ਨੂੰ ਟਿਕਟ ਦੇ ਦਿੱਤੀ।

# ਸਿੱਖ ਵਾਲੰਟੀਅਰ ਨੂੰ 'ਐੱਨ ਐੱਸ ਡਬਲਿਊ ਆਸਟਰੇਲੀਅਨ ਆਫ ਦਿ ਈਅਰ ਐਵਾਰਡ'



ਮੈਲਬਰਨ-ਆਸਟਰੇਲੀਆ ਵਿੱਚ ਦਸਤਾਰ ਬੰਨ੍ਹਣ ਅਤੇ ਦਾੜ੍ਹੀ ਰੱਖਣ ਕਾਰਨ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨ ਵਾਲੇ ਭਾਰਤੀ ਮੂਲ ਦੇ ਸਿੱਖ ਵਾਲੰਟੀਅਰ ਅਮਰ ਸਿੰਘ (41) ਦਾ ਕੁਦਰਤੀ ਆਫ਼ਤਾਂ ਅਤੇ ਵਿਸ਼ਵ ਮਹਾਮਾਰੀ ਦੌਰਾਨ ਭਾਈਚਾਰੇ ਦੀ ਮਦਦ ਲਈ '2023 ਨਿਊ ਸਾਊਥ ਵੇਲਜ਼ ਆਸਟਰੇਲੀਅਨ ਆਫ ਦਿ ਈਅਰ ਐਵਾਰਡ' ਨਾਲ ਸਨਮਾਨ ਕੀਤਾ ਗਿਆ। ਨਿਊ ਸਾਊਥ ਵੇਲਜ਼ ਸਰਕਾਰ ਨੇ ਉਨ੍ਹਾਂ ਨੂੰ 'ਸਥਾਨਕ ਨਾਇਕ' ਦੀ ਸ਼੍ਰੇਣੀ ਵਿੱਚ ਇਹ ਪੁਰਸਕਾਰ ਦਿੱਤਾ ਹੈ।ਇਸ ਸਬੰਧੀ ਐਲਾਨ ਤਿੰਨ ਨਵੰਬਰ ਨੂੰ ਕੀਤਾ ਗਿਆ ਸੀ। ਭਾਰਤੀ ਮੂਲ ਦੇ ਸਿੱਖ ਅਮਰ ਸਿੰਘ ਨੇ ਸੱਤ ਸਾਲ ਪਹਿਲਾਂ 'ਟਰਬਨਜ਼ 4 ਆਸਟਰੇਲੀਆ' ਦੀ ਸਥਾਪਨਾ ਕੀਤੀ ਸੀ। ਇਹ ਸੰਸਥਾ ਕੁਦਰਤੀ ਆਫ਼ਤਾ ਤੋਂ ਪ੍ਰਭਾਵਿਤ, ਉੱਜੜੇ ਅਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਕਰਦੀ ਹੈ।


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਨਵੰਬਰ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ 2 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ।
1. ਅਫਗਾਨਿਸਤਾਨ ਤੋਂ ਕਨੇਡਾ ਪਹੁੰਚੇ ਸਿੰਘਾਂ ਦੇ ਪਰਿਵਾਰਾਂ ਵੱਲੋਂ ਸ਼ੁਕਰਾਨੇ ਵਜੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।
2. ਭਾਈ ਬਲਦੇਵ ਸਿੰਘ ਜੀ 'ਕਲੋਨਾ' ਦੇ ਸਮੂਹ ਪਰਿਵਾਰ ਵੱਲੋਂ ਸ਼ੁਕਰਾਨੇ ਵਜੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।
ਇਹ ਅਖੰਡਪਾਠ ਸਾਹਿਬ 18 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 20 ਨਵੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*18 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਬੱਚੀ ਦਵਿੰਦਰ ਕੌਰ ਭੁੱਲਰ ਅਤੇ ਕਾਕਾ ਰਵਿੰਦਰ ਸਿੰਘ ਗਿੱਲ ਦੇ ਅਨੰਦਕਾਰਜ ਹੋਣਗੇ।
*18 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ ਨੂੰ ਬੀਬੀ ਹਰਪ੍ਰੀਤ ਕੌਰ ਸੰਘੇੜਾ ਪਰਿਵਾਰ ਵੱਲੋਂ ਕੀਤੇ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ।
*19 ਨਵੰਬਰ ਦਿਨ ਸ਼ਨਿਚਰਵਾਰ ਸਵੇਰੇ 11 ਵਜੇ ਮਾਨ ਪਰਿਵਾਰ ਵੱਲੋਂ ਕੀਤੇ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ।
*19 ਨਵੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ:
1. ਭਾਈ ਮਨਜੀਤ ਸਿੰਘ ਮਾਨ ਪਰਿਵਾਰ ਵੱਲੋਂ ਬੱਚੀ ਗੁਰਸੇਹਰ ਕੌਰ ਮਾਨ ਦੇ ਪਹਿਲੇ ਜਨਮ ਦਿਨ ਮਨਾਉਂਦਿਆਂ ਹੋਵੇਗੀ।
2. ਬੀਬੀ ਪ੍ਰਭਜੋਤ ਕੌਰ ਅਤੇ ਪਰਿਵਾਰ ਵੱਲੋਂ 3. ਬੀਬੀ ਸ਼ਰਨਜੀਤ ਕੌਰ ਜੌਹਲ ਪਰਿਵਾਰ ਵੱਲੋਂ ਹੋਵੇਗੀ।
*20 ਨਵੰਬਰ ਦਿਨ ਐਤਵਾਰ ਸਵੇਰੇ ਭਾਈ ਜਸਵਿੰਦਰ ਸਿੰਘ ਜੌਹਲ ਪਰਿਵਾਰ ਵੱਲੋਂ ਕੀਤੇ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ।
*20 ਨਵੰਬਰ ਦਿਨ ਐਤਵਾਰ ਭਾਈ ਗੁਰਕਰਨ ਸਿੰਘ ਪਦਮ ਪਰਿਵਾਰ ਵੱਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਕਵਿਤਾ ਵੱਲੋਂ ਬੱਚਿਆਂ ਦੀ ਦਾਤ ਪ੍ਰਾਪਤ ਹੋਣ ਤੇ ਸ਼ੁਕਰਾਨੇ ਵਜੋਂ ਹੋਵੇਗੀ।
*21 ਨਵੰਬਰ ਦਿਨ ਸੋਮਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਮੀਤ ਸਿੰਘ ਜੀ ਦੇ ਪਰਿਵਾਰ ਵੱਲੋਂ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 778-713-5121, 604-590-3224, ਫੈਕਸ:604-572-3276

# ਸ਼ਹੀਦ ਭਾਈ ਤਰਸੇਮ ਸਿੰਘ ਜੀ ਕੋਹਾੜ(ਲੈਫਟੀਨੈਂਟ ਜਨਰਲ ਖਾਲਿਸਤਾਨ ਕਮਾਂਡੋ ਫੋਰਸ)

ਸ਼ਹੀਦੀ ਦਿਨ 14ਨਵੰਬਰ 1987

ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਨੌਜਵਾਨ ਸਿੱਖ ਗਭਰੂ ਸਿਰਾਂ ਤੇ ਕਫਨ ਬੰਨ੍ਹ ਕੇ ਘਰੋਂ ਗਲੋਂ ਗੁਲਾਮੀ ਲਾਹੁਣ ਲਈ ਤੁਰੇ ਤੇ ਹਿੰਦੂ ਹਕੂਮਤ ਦੇ ਕਿਤੇ ਜਾ ਰਹੇ ਜ਼ੁਲਮਾ ਨੂੰ ਖਿੜੇ ਮੱਥੇ ਸਹਾਰਿਆ ਆਪਾ ਸਾਰੇ ਜਾਣਦੇ ਹਾਂ ਕੀ ਨੌਜਵਾਨਾਂ ਦੇ ਦਿਲਾਂ ਤੇ ਸਭ ਤੋਂ ਡੂੰਘਾ ਪ੍ਰਭਾਵ 1978 ਦੇ ਸਾਕੇ ਅਤੇ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਨੇ ਪਾਇਆ ਜਿਸ ਕਾਰਨ ਸਿੱਖਾਂ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਹੋਇਆ ਤੇ ਉਹਨਾਂ ਨੇ ਘਰੋਂ ਉਠਕੇ ਜੂਝ ਕੇ ਸ਼ਹੀਦ ਹੋਣ ਨੂੰ ਤਰਜੀਹ ਦਿੱਤੀ ਤੇ ਕੌਮੀ ਸੰਘਰਸ਼ ਦੇ ਰਾਹ ਨੂੰ ਚੁਣਿਆ।

ਆਪ ਜੀ ਦਾ ਜਨਮ ਸੰਨ 1961 ਵਿੱਚ ਮਾਤਾ ਇੰਦਰ ਕੌਰ ਜੀ ਦੀ ਸੁਲਖਣੀ ਕੁੱਖੋਂ ਪਿਤਾ ਸਰਦਾਰ ਕੇਹਰ ਸਿੰਘ ਜੀ ਦੇ ਗ੍ਰਿਹ ਵਿਖੇ ਹੋਇਆ ਆਪ ਜੀ ਕੁੱਲ ਅੱਠ ਭੈਣ ਭਰਾ ਸਨ ਪੰਜਾਬ ਭਰਾ ਤੇ ਤਿੰਨ ਭੈਣਾਂ ਸਨ ਦੋ ਆਪ ਜੀ ਤੋਂ ਵੱਡੀਆਂ ਤੇ ਇੱਕ ਭੈਣ ਛੋਟੀ ਸੀ ਆਪ ਜੀ ਦਸਵੀਂ ਜਮਾਤ ਦੀ ਪੜ੍ਹਾਈ ਡੀ.ਏ.ਵੀ ਸਕੂਲ ਕਾਦੀਆਂ ਤੋਂ ਫਸਟ ਡਵੀਜ਼ਨ ਚ ਪਾਸ ਕੀਤੀ ਤੇ ਕਰਨ ਉਪਰੰਤ ਪਟਿਆਲਾ ਵਿਖੇ ਪੋਲੀਟੈਕਨਿਕ ਕਾਲਜ ਵਿੱਚ ਪ੍ਰੀ - ਇੰਜੀਨੀਅਰਿੰਗ ਦਾਖਲਾ ਲੈ ਲਿਆ ਜਿਸ ਕਾਲਜ ਵਿੱਚ ਇਕ ਮਾਨ ਸਿੰਘ ਨਾਮ ਦਾ ਬਦਮਾਸ਼ ਰਹਿੰਦਾ ਸੀ ਜਿਹੜਾ ਕੀ ਤਿੰਨ ਸਾਲ ਦਾ ਕੋਰਸ ਹੋਣ ਦੇ ਬਾਵਜੂਦ ਵੀ ਉਥੇ ਸੱਤ ਸਾਲ ਤੋਂ ਰਹਿ ਰਿਹਾ ਸੀ ਤੇ ਕੁੜੀਆਂ ਨੂੰ ਤੰਗ ਪਰੇਸ਼ਾਨ ਕਰਦਾ ਰਹਿੰਦਾ ਸੀ ਤੇ ਇਕ ਦਿਨ ਕਾਲਜ ਵਿੱਚ 18ਅਗਸਤ 1978 ਨੂੰ ਸਖਤ ਲੜਾਈ ਹੋਈ ਜਿਸ ਆਪ ਜੀ ਨੂੰ ਨਾਮਜ਼ਦ ਕੀਤਾ ਗਿਆ ਇਸ ਕਤਲ ਕੇਸ ਵਿੱਚ ਸੈਸ਼ਨ ਕੋਰਟ ਗੁਰਦਾਸਪੁਰ ਨੇ ਆਪ ਜੀ ਨੂੰ 20 ਸਾਲ ਦੀ ਕੈਦ ਸੁਣਾ ਦਿੱਤੀ ਆਪ ਜੀ ਦੇ ਪਰਿਵਾਰ ਨੇ ਹਾਈਕੋਰਟ ਵਿੱਚ ਰਿੱਟ ਕੀਤੀ ਜਿਥੋਂ ਆਪ ਜੀ ਬਰੀ ਕਰ ਦਿੱਤੇ ਗਏ ਜੋ ਦਸਿਆ ਜਾਂਦਾ ਹੈ ਜੀ।ਜ਼ੇਲ ਚੋਂ ਆ ਕੇ ਆਪ ਜੀ ਨੇ ਪਿੰਡ ਖੇਤੀ ਕਰਨੀ ਆਰੰਭ ਕਰ ਦਿੱਤੀ ਜਿਸ ਦੌਰਾਨ ਆਪ ਜੀ ਨੇ ਵਿਦੇਸ਼ ਜਾਣ ਲਈ ਪਾਸਪੋਰਟ ਬਣਵਾਇਆ ਤੇ ਫਿਰ ਬੰਬਈ ਚਲੇ ਗਏ ਜਿਥੇ ਆਪ 10-11 ਮਹੀਨੇ ਰਹੇ ਤੇ ਕੇ. ਕੇ. ਵੂਲਨ ਮਿਲਜ਼ ਚ ਕੰਮ ਕੀਤਾ ਤੇ ਆਪਣੇ ਪਿੰਡ ਦੇ ਦੋਸਤ ਪਾਲ ਸਿੰਘ ਕੋਲ ਰਹਿੰਦੇ ਰਹੇ ਇਥੇ ਜੀ ਨੇ ਗਲੈਕਸੋ ਤੇ ਹਿੰਦ ਕੌਸਲੈਟ ਕੰਪਨੀ ਵਿੱਚ ਵੀ ਕੰਮ ਕੀਤਾ ਤੇ ਫਿਰ ਵਾਪਸ ਪਿੰਡ ਆ ਗਏ ਤੇ ਆਪ ਜੀ ਦਾ ਮੇਲ ਸ੍ਰੀ ਦਰਬਾਰ ਸਾਹਿਬ ਵਿਖੇ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਤੇ ਭਾਈ ਅਮਰੀਕ ਸਿੰਘ ਜੀ ਦੇ ਨਾਲ ਹੋਇਆ ਇਸ ਉਪਰੰਤ ਆਪ ਜੀ ਦੀ ਸੰਤਾਂ ਨਾ ਗੂੜ੍ਹੀ ਸਾਂਝ ਪੈ ਗਈ ਆਪ ਜੀ ਨੂੰ ਜਨਰਲ ਸੁਬੇਗ ਸਿੰਘ ਜੀ ਕੋਲੋਂ ਫੋਜੀ ਟਰੇਨਿੰਗ ਵੀ ਦਵਾਈ ਗਈ ਇਸ ਪਿਛੋਂ ਆਪ ਜੀ ਦੀ ਡਿਊਟੀ ਸੰਤਾਂ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਆਣ ਵਾਲੇ ਸ਼ੱਕੀ ਬੰਦਿਆਂ ਤੇ ਨਿਗਾਹ ਰਖਣ ਦੀ ਲਾਈ ਉਸ ਤੋਂ ਬਾਅਦ ਆਪ ਜੀ ਸੰਤ ਜੀ ਦੀ ਸੁਰਖਿਆ ਵਿੱਚ ਵੀ ਡਿਊਟੀ ਨਿਭਾਉਂਦੇ ਰਹੇ।ਇੰਦਰਾ ਗਾਂਧੀ ਨੇ ਪੰਜਾਬ ਵਿੱਚ ਕਰਫਿਊ ਲਗਾ ਕੇ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕਰ ਦਿੱਤਾ ਤੇ ਆਪ ਜੀ ਦੱਸ ਦਿਨ ਪਹਿਲਾਂ ਹੀ ਪਿੰਡ ਆਏ ਹੋਏ ਸਨ ਜਿਸ ਨੂੰ ਨਾ ਸਹਾਰਦੇ ਹੋਏ ਆਪ ਜੀ ਭਾਜੀ ਮੋੜਨ ਲਈ ਸਰਗਰਮ ਹੋ ਗਏ ਇੰਦਰਾ ਗਾਂਧੀ ਨੂੰ ਵਹਿਮ ਸੀ ਕੀ ਉਹ ਇਹ ਹਮਲਾ ਕਰ ਕੇ ਸਿੱਖ ਕੌਮ ਦੇ ਜੂਝਾਰ ਸਿੰਘਾਂ ਨੂੰ ਖਤਮ ਕਰ ਦੇਵੇਗੀ ਪਰ ਉਸ ਨੂੰ ਨਹੀਂ ਪਤਾ ਸੀ ਕੀ ਉਸਦੇ ਇਰਦ ਗਿਰਦ ਰਹਿਣ ਵਾਲੇ ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਉਸ ਦਾ ਅੰਤ ਕਰ ਦੇਣਗੇ ਆਪ ਜੀ ਦੇ ਨਵੇਂ ਬਣੇ ਸਾਥੀ ਸਨ ਭਾਈ ਬਾਬਾ ਰਣਜੀਤ ਸਿੰਘ ਦਿਆਲਗੜ ਭਾਈ ਮੱਖਣ ਸਿੰਘ ਸ਼ਿੱਥ ਬਾਬਾ ਗੁਰਮੇਜ ਸਿੰਘ ਢਿਲਵਾਂ ਭਾਈ ਮਨਜੀਤ ਸਿੰਘ ਖੁਜਾਲਾ ਆਦਿ ਸਨ ਦਰਬਾਰ ਸਾਹਿਬ ਤੇ ਹੋਏ ਹਮਲੇ ਉਪਰੰਤ ਆਪ ਜੀ ਨੇ ਘਰ ਪਰਿਵਾਰ ਨੂੰ ਆਖਰੀ ਫਤਹਿ ਬੁਲਾ ਦਿੱਤੀ ਆਪ ਜੀ ਨੇ ਹਥਿਆਰਬੰਦ ਗਰੁੱਪ ਖਾਲਿਸਤਾਨ ਲਿਬਰੇਸ਼ਨ ਆਰਮੀ ਬਣਾਕੇ ਸੰਘਰਸ਼ ਆਰੰਭ ਕਰ ਦਿੱਤਾ ਇਸ ਪਿਛੋਂ ਆਪ ਜੀ ਦਾ ਮੇਲ ਭਾਈ ਮਨਬੀਰ ਸਿੰਘ ਚਹੇੜੂ ਨਾਲ ਹੋਇਆ ਇਹ ਦੋਵੇਂ ਗਰੁੱਪ ਇਕ ਹੋ ਗਏ ਤੇ ਜੱਥੇਬੰਦੀ ਦਾ ਨਾਮ ਖਾਲਿਸਤਾਨ ਕਮਾਂਡੋ ਫੋਰਸ ਰਖਿਆ ਗਿਆ ਆਪ ਜੀ ਇਸ ਦੇ ਪਹਿਲੇ ਚੀਫ ਜਨਰਲ ਬਣੇ ਇਸ ਪਿਛੋਂ ਭਾਈ ਹਰਜਿੰਦਰ ਸਿੰਘ ਜਿੰਦਾ ਭਾਈ ਸੁਖਦੇਵ ਸਿੰਘ ਸੁੱਖਾ ਭਾਈ ਮਥਰਾ ਸਿੰਘ ਭਾਈ ਚਰਨਜੀਤ ਸਿੰਘ ਚੰਨੀ ਵੀ ਆਪ ਜੀ ਦੇ ਗਰੁੱਪ ਵਿੱਚ ਸ਼ਾਮਿਲ ਹੋਏ ਤੇ ਭਾਈ ਜਨਰਲ ਲਾਭ ਸਿੰਘ ਤੇ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਵੀ ਇਸੇ ਗਰੁੱਪ ਵਿੱਚ ਸ਼ਾਮਿਲ ਹੋਏ,

ਭਾਈ ਤਰਸੇਮ ਸਿੰਘ ਜੀ ਕੋਹਾੜ ਜੁਝਾਰੂ ਜੀਵਨ ਵਿੱਚ ਆਨੰਦ ਕਾਰਜ ਨੂੰ ਰੁਕਾਵਟ ਨਹੀਂ ਸਗੋਂ ਲੋੜ ਮੰਨਦੇ ਸਨ ਇਸ ਹੀ ਕਾਰਨ 1984 ਅਕਤੂਬਰ ਵਿੱਚ ਆਪ ਜੀ ਦਾ ਆਨੰਦ ਕਾਰਜ ਬੀਬੀ ਪਰਮਜੀਤ ਕੌਰ ਸਪੁੱਤਰੀ ਸਰਦਾਰ ਹਰਬੰਸ ਸਿੰਘ ਜੀ ਪਿੰਡ ਦਿਆਲਗੜ ਨਾਲ ਹੋਇਆ ਆਪ ਜੀ ਦੇ ਸਹੁਰੇ ਪਰਿਵਾਰ ਤੇ ਵੀ ਵਿਹਸ਼ੀ ਪੁਲਿਸ ਨੇ ਬਹੁਤ ਤਸ਼ੱਦਦ ਕੀਤਾ ਪਰ ਆਪ ਜੀ ਵੀ ਸੰਘਰਸ਼ ਤੋ ਥਿਰਕੇ ਨਾ ਆਪ ਜੀ ਦੇ ਘਰ 4ਜੁਲਾਈ 1986 ਨੂੰ ਇਕ ਭੁਜੰਗੀ ਨੇ ਜਨਮ ਲਿਆ ਜਿਸ ਦਾ ਨਾਮ ਰਣਜੋਧ ਸਿੰਘ ਰਖਿਆ ਗਿਆ ਇਸ ਤੋ ਮਹੀਨੇ ਕੂ ਬਾਅਦ ਆਪ ਜੀ ਨੂੰ 12ਅਗਸਤ 1986 ਨੂੰ ਹਮੀਰਾ ਪਿੰਡ ਕੋਲ ਆਪ ਜੀ ਆਪਣੇ ਸਾਥੀ ਭਾਈ ਸੁਖਦੇਵ ਸਿੰਘ ਕੋਟ ਮੌਲਵੀ ਨਾਲ ਬਸ ਵਿੱਚ ਜਾ ਰਹੇ ਸਨ ਕੀ ਕਿਸੇ ਦੀ ਪੱਕੀ ਮੁਖਬਰੀ ਨਾਲ ਆਪ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਇਸ ਆਪ ਜੀ ਨੂੰ ਜ਼ੇਲ ਭੇਜ ਦਿੱਤਾ ਇਸ ਤੋ ਬਾਅਦ ਪੁਲਿਸ ਨੇ ਰਿਮਾਂਡ ਲੈਕੇ ਦਸ ਦਿਨ ਕਪੂਰਥਲੇ ਹਵਾਲਾਤ ਤੇ ਮਹੀਨਾ ਅੰਮ੍ਰਿਤਸਰ ਮਾਲ ਮੰਡੀ ਵਿੱਚ ਅੰਨੇ ਵਾਹ ਤਸ਼ੱਦਦ ਕੀਤਾ ਤੇ ਐਨ.ਐਸ.ਏ ਲਾਕੇ ਜ਼ੇਲ ਭੇਜ ਦਿੱਤਾ ਇਕ ਮਹੀਨਾ ਨਾਭੇ ਸਕਿਉਰਿਟੀ ਜ਼ੇਲ ਵਿੱਚ ਰਖਿਆ ਤੇ ਫਿਰ ਸਿੰਘਾਂ ਦੇ ਡਰੋਂ ਆਪ ਜੀ ਨੂੰ ਮਹਾਰਾਸ਼ਟਰ ਜ਼ੇਲ ਵਿੱਚ ਭੇਜ ਦਿੱਤਾ ਜਿਥੇ ਪਰਿਵਾਰ ਨੂੰ ਵੀ ਬੜੀ ਦੂਰੀ ਤੇ ਖੜ੍ਹਾ ਕੇ ਮੁਲਾਕਾਤ ਕਰਾਈ ਜਾਂਦੀ ਸੀ ਤੇ ਉੱਚੀ ਅਵਾਜ਼ ਵਿੱਚ ਸੁਖਸਾਂਦ ਪੁੱਛੀ ਜਾਂਦੀ ਸੀ ਬਸ ਪਰ ਸਰਕਾਰ ਨੇ ਆਪ ਜੀ ਨੂੰ ਐਨ.ਐਸ.ਏ ਖਤਮ ਹੋਣ ਉਪਰੰਤ ਆਪ ਜੀ ਨੂੰ ਮਾਰਨ ਦਾ ਫੈਸਲਾ ਕਰ ਲਿਆ ਆਪ ਜੀ ਦੇ ਭਰਾਵਾਂ ਨੇ ਬੜਾ ਜ਼ੋਰ ਲਾਇਆ ਪਰ ਦਿੱਲੀ ਸਰਕਾਰ ਆਪਣਾ ਫੈਸਲਾ ਕਰ ਚੁੱਕੀ ਸੀ,




ਆਪ ਜੀ ਨੂੰ ਤੇ ਭਾਈ ਸੁਖਦੇਵ ਸਿੰਘ ਸੁੱਖਾ ਕੋਟ ਮੌਲਵੀ ਨੂੰ 14ਨਵੰਬਰ 1987 ਨੂੰ ਜਹਾਜ਼ ਰਾਹੀਂ ਨਾਸਿਕ ਤੋਂ ਪਠਾਨਕੋਟ ਲਿਆਂਦਾ ਗਿਆ ਦਿਨੇ ਆਪ ਨੂੰ ਡੇਰਾ ਬਾਬਾ ਨਾਨਕ ਥਾਣੇ ਰਖਿਆ ਗਿਆ ਇਸ ਤੋਂ ਬਾਅਦ ਰੇਡੀਉ ਉਪਰ ਖਬਰ ਆਈ ਕੀ ਭਾਈ ਤਰਸੇਮ ਸਿੰਘ ਕੋਹਾੜ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਹਥਿਆਰਾਂ ਦੀ ਬਰਾਮਦੀ ਲਈ ਲਿਜਾਇਆ ਜਾ ਰਿਹਾ ਸੀ ਜਿਸ ਉਪਰ ਖਾੜਕੂਆਂ ਨੇ ਹਮਲਾ ਕਰ ਦਿੱਤਾ ਤੇ ਕਰਾਸ ਫਾਇਰਿੰਗ ਵਿੱਚ ਭਾਈ ਕੋਹਾੜ ਅਤੇ ਸੁੱਖਾ ਦੋਵੇਂ ਹੀ ਮਾਰੇ ਗਏ ਟੀਵੀ ਉਪਰ ਖਬਰ ਆਣ ਉਪਰੰਤ ਪਰਿਵਾਰ ਨੇ ਬੜੀ ਭਜ ਨੱਠ ਕੀਤੀ ਪੁਲਿਸ ਨੇ ਕਿਹਾ ਕਾਦੀਆਂ ਥਾਣੇ ਤੋਂ ਲਾਸ਼ਾਂ ਲੈ ਜਾਉ ਜਦੋਂ ਉਥੇ ਪਹੁੰਚੇ ਤਾਂ ਕਹਿੰਦੇ ਡੇਰਾ ਬਾਬਾ ਨਾਨਕ ਪਈਆਂ ਨੇ ਜਦੋਂ ਪਰਿਵਾਰ ਉਥੇ ਗਿਆ ਕਹਿੰਦੇ ਸਿਵਲ ਹਸਪਤਾਲ ਗੁਰਦਾਸਪੁਰ ਪੋਸਟ ਮਾਰਟਮ ਲਈ ਲੈਕੇ ਗਏ ਨੇ ਤਾਂ ਉਥੇ ਡਾਕਟਰਾਂ ਨੇ ਦਸਿਆ ਕੀ ਸਾਨੂੰ ਅੱਧੀ ਰਾਤੀਂ ਬੁਲਾਕੇ ਪੋਸਟ ਮਾਰਟਮ ਕਰਵਾਇਆ ਗਿਆ ਤੇ ਲਾਸ਼ਾਂ ਨੂੰ ਕਮੇਟੀ ਘਰ ਲਿਜਾਇਆ ਗਿਆ ਤੇ ਜਦੋਂ ਆਪ ਉਥੇ ਪਹੁੰਚੇ ਆਪ ਜੀ ਦੇ ਪਰਿਵਾਰ ਨੂੰ ਰਾਹ ਵਿੱਚ ਹੀ ਰੋਕ ਲਿਆ ਗਿਆ ਤੇ ਅੱਧੀ ਰਾਤ ਨੂੰ ਹੀ ਦੋਨਾਂ ਸਿੰਘਾਂ ਦਾ ਸੰਸਕਾਰ ਕਰ ਦਿੱਤਾ ਗਿਆ ਤੇ ਪਰਿਵਾਰ ਨੂੰ ਦਿੱਲੀ ਹਕੂਮਤ ਨੇ ਸਿੰਘਾਂ ਦੀਆਂ ਆਖਰੀ ਨਿਸ਼ਾਨੀਆਂ ਵੀ ਨਹੀਂ ਦਿੱਤੀਆਂ ਗਈਆਂ ਤੇ ਪਰਿਵਾਰ ਨੂੰ ਪੁਲਿਸ ਸੰਨ1994 ਤੱਕ ਤੰਗ ਪਰੇਸ਼ਾਨ ਕਰਦੀ ਰਹੀ।- ਗਗਨ ਦੀਪ ਸਿੰਘ (ਬਾਗੀ ਕਲਮ)

# ਸਿੱਖ ਕੌਮ ਦੇ ਪ੍ਰਚਾਰ ਦਾ ਪੱਧਰ



ਕੋਈ ਪੱਧਰ ਨਹੀ। ਕੋਈ ਪੈਮਾਨਾ ਨਹੀ। ਜਿਹੜਾ ਜੋ ਆਵੇ ਬੋਲੇ ਲੋਕਾਂ ਸਭ ਨੂੰ ਹੀ ਕੰਨ ਹਿਲਾ ਦੇਣੇ ਕਿਓਕਿ ਮੇਰੇ ਲੋਕ ਖੁਦ ਕੁਝ ਵੀ ਪੜਨਾ ਛਡ ਗਏ ਹੋਏ। ਇਹੀ ਕਾਰਨ ਕਿ ਇਥੇ ਪ੍ਰੋਫੈਸਰਾਂ ਅਤੇ ਬ੍ਰਹਮਗਿਆਨਤਾ ਦੇ ਸਰਟੀਫਿਕੇਟ ਵਿਆਹ ਦੇ ਕਾਡਾਂ ਤਰਾਂ ਛਪੇ ਛਪਾਏ ਮਿਲਦੇ ਯਾਣੀ ਅਠਵੀਂ ਫਿਹਲ ਪ੍ਰੋਫੈਸਰ ਕੋਰਾ ਅੰਨਪਾੜ ਬ੍ਰਹਮਗਿਆਨੀ।

ਗੈਂਡੇ ਨੂੰ ਹਾਥੀ ਕਹੀ ਚਲੋ ਚਾਹੇ ਗਧੇ ਨੂੰ ਸ਼ੇਰ ਸਭ ਚਲੂ, ਸਭ ਵਿਕਦਾ। ਵੀਹ ਵੀਹ ਫੁਟੇ ਸ਼ਹੀਦ ਵੀ ਸਚਖੰਡ ਵਾਲੇ ਸੰਤਰੇ ਵੀ।

ਕਈ ਚਿਰਾਂ ਦੀ ਗਲ ਐ ਗੁਰਦੁਆਰੇ ਲਾਇਬਰੇਰੀ ਵਿਚ ਕਥਾਵਾਚਕ ਇਕ ਬੈਠਾ ਕਿਤਾਬ ਪੜੀ ਜਾਵੇ ਅਤੇ ਉਸ ਤੋਂ ਬਾਅਦ ਉਸ ਦੀ ਕਥਾ ਦਾ ਸਮਾ ਸੀ ਮੈਂ ਵੀ ਮਗਰੇ ਸੁਣਨ ਚਲਾ ਗਿਆ ਅਤੇ ਮੈਂ ਹੈਰਾਨ ਉਸ ਨੇ ਕਿਤਾਬ ਵਿਚਲੇ ਟੋਟਕੇ ਇਨ ਬਿਨ ਜਾ ਸਟੇਜ ਤੇ ਸੁਣਾਏ। ਹੇਠਾਂ ਉਤਰੇ ਤੇ ਮੈਂ ਕਿਹਾ ਬੋਹੜ ਸਿਆਂ ਕੋਈ ਤਿਆਰੀ ਵਿਆਰੀ ਨਹੀ ਕਰਦੇ ਹੁੰਦੇ ਤੁਸੀਂ ਆਹਾ ਤਾਜੀ ਪੜੀ ਕਿਤਾਬ ਹੀ ਸੁਣਾ ਆਇਆਂ ਤਾਂ ਓਹ ਹਸ ਕੇ ਕਹਿੰਦਾ ਸੁਣਨ ਵਾਲਿਆਂ ਕਿਹੜਾ ਕਿਤਾਬ ਪੜਨੀ ਜੋ ਮਰਜੀ ਸੁਣਾਈ ਚਲੋ ਇਨੀ ਸਿਰ ਮਾਰ ਕੇ ਚਲੇ ਜਾਣਾ। ਕੌਮ ਮੇਰੀ ਦੇ ਦੁਖਾਤਾਂ ਵਿਚੋਂ ਵਡਾ ਦੁਖਾਂਤ ਇਕ ਇਹ ਵੀ ਹੋ ਨਿਬੜਿਆ ਕਿ ਓਹ ਪੜਨ ਦੀ ਆਦਤ ਗੁਆ ਚੁਕੀ ਹੋਈ ਅਤੇ ਉਸ ਦੀ ਦੁਬਿਧਾ ਦਾ ਵਡਾ ਕਾਰਨ ਇਕ ਇਹ ਵੀ ਕਿ ਇਕੋ ਸਟੇਜ ਤੇ ਇਕੋ ਸਮੇ ਪ੍ਰਚਾਰਕ ਆਪਾ ਵਿਰੋਧੀ ਜੋ ਮਰਜੀ ਬੋਲੀ ਜਾਣ ਉਨੀ ਸਭ ਵਾਰੀ ਸਿਰ ਮਾਰ ਜਾਣਾ ਕਿ ਗਲਤ ਭੂਆ ਵੀ ਨਹੀ ਠੀਕ ਫੁੱਫੜ ਵੀ ਹੈ। ਇਹੀ ਕਾਰਨ ਕਿ ਇਕ ਧਿਰ ਜੇ ਗੁਰੂ ਨਾਨਕ ਸਾਹਿਬ ਦੀ ਨਿਰਮਲ ਵਿਚਾਰਧਾਰਾ ਨੂੰ ਸਨਾਤਨੀ ਖੱਡ ਵਿਚ ਸੁਟ ਰਹੀ ਹੈ ਤਾਂ ਦੂਜੀ ਦਾ ਰਸਤਾ ਸਿਧਾ ਅਪਗ੍ਰੇਡੀ ਵੰਨੀ ਜਾ ਖੁਲਦਾ।

ਇਕ ਜੇ ਵੀਹ ਵੀਹ ਫੁਟੇ ਸ਼ਹੀਦਾਂ ਦੀਆਂ ਗੱਪਾਂ ਵਾਲੇ ਆਹੂ ਲਾਹੀ ਲਾਹੁੰਦਾ ਤਾਂ ਦੂਜਾ ਓਨਾ ਦੇ ਹੀ ਚੁਟਕਲੇ ਸੁਣਾ ਕੇ ਬਲੇ ਬਲੇ ਲੁਟ ਕੇ ਅਗਾਂਹ ਜਾਂਦਾ ਪਲੇ ਉਸ ਦੇ ਵੀ ਕਖ ਨਹੀ॥

ਇਕ ਹਰੇਕ ਜਣੇ ਖਣੇ ਨੂੰ ਜੇ ਬ੍ਰਹਮਗਿਆਨੀ ਬਣਾਈ ਤੁਰਿਆ ਆਓਂਦਾ ਤਾਂ ਦੂਜਾ ਮੇਰੇ ਵਰਗੇ ਅਠਵੀਂ ਫਿਹਲ ਨੂੰ ਚੱਲ ਸਿੱਧਾ ਪ੍ਰੋਫੈਸਰ।ਇਕ ਜੇ ਸਚਖੰਡ ਦੇ ਸੰਤਰਿਆਂ ਨਾਲ ਲੋਕਾਂ ਦਾ ਮਨੋਰੰਜਨ ਕਰ ਜਾਦਾ ਤਾਂ ਦੂਜਾ ਵਿਆਹ ਉਪਰ ਫਰੂਟੀਆਂ ਕਿੰਨੀਆਂ ਥੁੜ ਗਈਆਂ ਕਿੰਨੀਆਂ ਚਾਹੀਦੀਆਂ ਸੀ, ਫਲਾਂ ਦੀ ਕੀ ਲੋੜ ਸੀ ਗੁੜ ਲੈ ਆਓਂਦੇ, ਸਬਜੀ ਵਿਚ ਮਟਰ ਹੈ ਨਹੀ ਸਨ ਜਾਂ ਦਾਲ ਵਿਚ ਲੂਣ ਅਤੇ ਚਲੋ ਜੀ ਹੋ ਗਈ ਇੰਟਰਟੇਨਮਿੰਟ ਯਾਣੀ ਕਥਾ ਜਾਓ ਘਰਾਂ ਨੂੰ, ਕਲ ਨੂੰ ਫਿਰ ਆਇਓ ਗੋਲਡ ਮੈਡਲ ਮਿਲਦਾ ਦੇਖਣ।

ਇਕ ਜੇ ਬਾਦਲ ਵਰਗੇ ਜਰਵਾਣਿਆਂ ਦੇ ਰਾਜ ਦੀ ਕਹਿੰਦਾ ਅਰਦਾਸ ਕਰੋ ਤਾਂ ਦੂਜਾ ਕੌਮ ਮੇਰੀ ਦੇ ਕਾਤਲ ਟਾਊਂਟਾ ਮਗਰ ਮੁੜਕੋ ਮੁੜਕੀ ਦਿਸ ਰਿਹਾ।

ਇਕ ਅਪਣੇ ਮਰਿਆਂ ਦੇ ਗੁਣ ਗਾਈ ਜਾਂਦਾ ਦੂਜਾ ਉਸ ਦੇ ਮਰਿਆਂ ਨੂੰ ਭੰਡ ਕੇ ਸਮਾ ਟਪਾਈ ਜਾਂਦਾ ਪਰ ਨਾ ਇਤਿਹਾਸ ਲਭੇ ਵਿਚੋਂ, ਨਾ ਗੁਰਬਾਣੀ ਦਾ ਸਹਿਜ, ਨਾ ਗੁਰਬਾਣੀ ਵਿਚਲੇ ਸਚ।

ਮੇਰੀ ਕੌਮ ਵਿਚਲੇ ਬਹੁਤੇ ਪ੍ਰਚਾਰਕ ਨੂੰ ਇਨੀ ਅਕਲ ਨਹੀ ਕਿ ਕਿਹੜੇ ਸਮੇ ਕੌਮ ਮੇਰੀ ਨੂੰ ਕਿਹੜੇ ਸਚ ਦੀ ਲੋੜ ਹੈ। ਮੂਰਖ ਜਟ ਤਰਾਂ ਕਣਕ ਪਕਣ ਤੇ ਆਈ ਨੂੰ ਪਾਣੀ ਦੇਣ ਤੁਰਿਆ ਵਿਆ ਜਦ ਪਾਣੀ ਦੇਣਾ ਹੁੰਦਾ ਖਾਦ ਦੀਆਂ ਬੋਰੀਆਂ ਚੁਕੀ ਫਿਰਦਾ।ਮੈਨੂੰ ਨਾਂ ਤੇ ਨਹੀ ਚੇਤੇ ਪਰ ਮੈਨੂੰ ਇਕ ਰਾਗੀ ਦੀ ਕਹੀ ਗਲ ਵਧੀਆ ਲਗੀ ਕਹਿੰਦਾ ਜੀ ਕੀਰਤਨ ਕਰਨ ਵਿਚ ਕਿਸੇ ਲੜਾਈ ਝਗੜੇ ਦਾ ਖਦਸ਼ਾ ਨਹੀ। ਜੋ ਵੀ ਬੋਲਿਆ ਜਾਣਾ ਗੁਰਾਂ ਦੇ ਬਚਨ ਹੀ ਹੋਣੇ ਕੋਲੋਂ ਲੂਣ ਮਿਰਚ ਹੀ ਕੋਈ ਨਹੀ ਪਾਓਂਣੀ ਤਾਂ ਝਗੜਾ ਕਾਹਦਾ।

ਗੁਰਾਂ ਦੇ ਬਚਨ ਕੋਈ ਪਸ਼ਤੋ, ਜਾਂ ਫਾਰਸੀ ਵਿਚ ਨਹੀ ਕਿ ਸਮਝ ਨਾ ਆਓਂਣ ਅਤੇ ਯਾਦ ਰਖਣਾ ਸਹੀ ਅਰਥ ਓਹੀ ਹੋਣੇ ਜੋ ਤੁਹਾਡੇ ਖੁਭ ਕੇ ਟਿਕੇ ਹੋਏ ਮਨ ਨੇ ਕਢਣੇ ਓਸ ਟਿਕਾਅ ਨੇ ਤਾਂ ਇਕ ਅਖਰ ਵੀ ਲਭ ਲਿਆ ਤਾਂ ਛੌੜ ਕਟ ਹੋ ਜਾਂਦੇ ਮਨ ਦੇ। ਤੁਸੀਂ ਕਰਾਓਂਣਾ ਕੀ ਏ ਇਨਾ ਹੇੜਾਂ ਤੋਂ ਜਿਹੜੇ ਤੁਹਾਨੂੰ ਪੱਗੋ ਹਥੀ ਕਰਾਓਂਣ ਦਾ ਕਾਰਣ ਬਣਦੇ ਨੇ ਕਿਓਂਕਿ ਇਨਾ ਦਾ ਗਲ ਕਰਨ ਦਾ ਪਧਰ ਹੀ ਕੋਈ ਨਹੀ।

ਇਕ ਗਲ ਬੜਾ ਚਿਰ ਪਹਿਲਾਂ ਵੀ ਮੈਂ ਆਖੀ ਸੀ ਕਿ ਸੋਕੇ ਦੀ ਮਾਰੀ ਫਸਲ ਤਾਂ ਹਰੀ ਹੋ ਜਾਊ ਪਰ ਪਾਣੀ ਦੀ ਮਾਰੀ ਨਾ ਉਠੀ। ਡੇਰਿਆਂ ਦੇ ਮਾਰੇ ਤਾਂ ਸਿਖ ਫਿਰ ਵੀ ਉਠ ਖੜਦੇ ਜਦ ਕੌਮ ਉਪਰ ਕੋਈ ਮੁਸੀਬਤ ਆਓਂਦੀ ਪਰ ਗਿਆਨ ਦੇ ਮਾਰਿਆਂ ਦਾ ਹਾਲ ਤਾਂ ਮੈਂ ਦੇਖ ਰਿਹਾਂ ਜਿਹੜੇ ਹਰ ਗਲੇ ਟੰਗ ਅੜਾਈ ਰਖਦੇ ਅਤੇ ਸਾਰੇ ਜੋਰ ਸਿਖਾਂ ਨੂੰ ਹੀ ਬੇਵਕੂਫ ਬਣਾਓਂਣ ਤੇ ਲਾ ਛਡਦੇ ਕਿ ਇਨਾ ਨੂੰ ਸਿਰ ਵਰਤਣਾ ਨਹੀ ਆਓਂਦਾ।

ਮੈਨੂੰ ਯਾਦ ਐ ਜਦ ਨਿਊਜੀਲੈਂਡ ਵਾਲਾ ਮਿਰਜਾ ਵਢਿਆ ਤਾਂ ਇੰਗਲੈਂਡ ਮੈਂ ਮਿਤਰ ਅਪਣੇ ਨੂੰ ਪੁਛਿਆ ਇਹ ਕੌਣ ਵੈਣ ਪਾ ਗਿਆ ਤਾਂ ਓਹ ਹਸ ਕੇ ਕਹਿੰਦਾ ‘ਕਮਲੇ’ ਹੋ ਹੋਣੇ ਗਿਆਨੀਏ ਇਨੇ ਜੋਗੇ ਕਾਹਨੂੰ ਓਹ ਤਾਂ ਪਾਲ ਕੇ ਅਗਾਂਹ ਜਾਂਦੇ ਹੋਰਾਂ ਨੂੰ ਹਥ ਚਟਾਓਂਣ।ਜੀਹਨਾ ਹਲਾਤਾਂ ਚੋਂ ਕੌਮ ਲੰਘ ਰਹੀ ਮੈਂ ਕਹਿੰਨਾ ਦੋਨਾਂ ਪਾਸੇ ਵਾਲੇ ਕਥਾਵਾਚਕ ਅਤੇ ਪਰਚਾਰਕ ਥੋੜੇ ਚਿਰ ਲਈ ਜੇ ਕੌਮ ਨੂੰ ਉਸ ਦੇ ਰਹਿਮੋ ਕਰਮ ਤੇ ਹੀ ਛਡ ਦੇਣ ਤਾਂ ਭਲਾ ਹੋਵੇ ਲੋਕਾਂ ਗੁਰਬਾਣੀ ਦੇ ਅਰਥ ਆਪੇ ਲਭ ਲੈਣੇ। ਮੈਨੂੰ ਨਹੀ ਜਾਪਦਾ ਇਨਾ ਦੀ ਕਥਾ ਬਿਨਾ ਕੌਮ ਡੁਬ ਚਲੀ।ਇਨਾ ਨਾਲੋਂ ਤਾਂ ਮਰ ਰਹੀ ਢਾਡੀ ਕਵੀਸ਼ਰੀ ਪਰੰਪਰਾ ਨੂੰ ਹੀ ਹੋਰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਘਟੋ ਘਟ ਕੌਮ ਮੇਰੀ ਨੂੰ ਇਤਿਹਾਸ ਅਪਣੇ ਦੀਆਂ ਮੁਢਲੀਆਂ ਗਲਾਂ ਤਾਂ ਚੇਤੇ ਰਹਿ ਜਾਣ। ਨਹੀ?

-ਗੁਰਦੇਵ ਸਿੰਘ ਸੱਧੇਵਾਲੀਆ


*MORTGAGES FOR UPTO 50 MILLION

IS AVAILABLE FOR LARGE PROJECTS

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

Yes, Private Mortgages Start from 8.25% for a limited time*

Foreclosure?, we can help.

QUICK & EASY APPROVALS



A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

# ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥



Sardarni Kuldip Kaur Brar
24 Oct, 1940 - 10 Nov, 2022

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਕੁਲਦੀਪ ਕੌਰ ਬਰਾੜ ਸੁਪਤਨੀ ਸਵ. ਸ. ਬਲਵੰਤ ਸਿੰਘ ਬਰਾੜ ਜਿਹਨਾਂ ਦਾ ਪਿਛਲਾ ਪਿੰਡ ਬਾਘਾ ਪੁਰਾਣਾ ਜ਼ਿਲ੍ਹਾ ਮੋਗਾ, ਪੇਕਾ ਪਿੰਡ ਭਿੰਡਰ ਖੁਰਦ ਜ਼ਿਲ੍ਹਾ ਮੋਗਾ ਸੀ, 10 ਨਵੰਬਰ ਨੂੰ ਆਪਣੀ 82 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਮਾਤਾ ਜੀ ਦਾ ਅੰਤਮ ਸਸਕਾਰ 21 ਨਵੰਬਰ ਦਿਨ ਸੋਮਵਾਰ ਵਾਰ ਸਵੇਰੇ 10 ਵਜੇ ਰਿਵਰਸਾਈਡ ਫਿਊਨਰਲ ਹੋਮ (ਹਾਪਕਾਟ ਰੋਡ) ਡੈਲਟਾ ਵਿਖੇ ਹੋਵੇਗਾ। ਉਪਰੰਤ ਉਨ੍ਹਾਂ ਨਮਿਤ ਰਖਾਏ ਪਾਠ ਦੇ ਭੋਗ ਤੇ ਅੰਤਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਸਰੀ/ਡੈਲਟਾ ਵਿਖੇ ਦੁਪਹਿਰ 12 ਵਜੇ ਹੋਵੇਗੀ। ਮਾਤਾ ਜੀ ਆਪਣੇ ਪਿੱਛੇ 2 ਪੁੱਤਰ, 2 ਨੂੰਹਾਂ, 2 ਧੀਆਂ, 2 ਜਵਾਈ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ, ਪੜਪੋਤਾ-ਪੜਪੋਤੀਆਂ ਛੱਡ ਗਏ ਹਨ।

## ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ

## ਰਣਜੀਤ ਕੌਰ ਗਿੱਲ (ਪੁੱਤਰੀ) 604-818-6447 ਜਾਂ ਸੁਰਜੀਤ ਸਿੰਘ ਬਰਾੜ (ਸਪੁੱਤਰ) 604-358-0027

# HOSPITAL TO HOME

Qualicare®




## ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।



## Hospital to Home

### Get Well . Get Home . Get Back To Life

From the very first phone call we'll help you get the right care that fits your life. Our Care Experts are always available

**So call 1 778-735-2474**

or visit qualicare.com/deltasurrey to get started.

**Step 1: GET WELL**

**Hospital staff are often overworked, making it a challenge to attend to all their patients' needs. We can begin private care in the hospital to help you or your loved one get home more quickly.**

**Step 2: GET HOME**

**Being medically stable enough to be discharged from the hospital rarely means that rehabilitating patients can return to life as normal right away. We'll help your family plan for a safe return home.**

**Step 3: GET BACK TO LIFE**

**The last thing anyone wants is readmission to the hospital. So, we'll provide the care needed now and adjust appropriately as independence is regained or circumstances evolve.**

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

***Top Quality *Friendly Service * On Time & Free Delivery**

ਲੋਕਾਂ ਦੀ ਪੁਰਜ਼ੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99 Double $129 Queen $149

**Matresses**



Single $149.00 Double $249.00
Queen $299.00



ਗੌਦਰੇਜ ਦੀ ਅਲਮਾਰੀ ਕੀਮਤ

**$599.00**

**Paul Narwal & Patrick 604-503-4457 ਜਾਂ 236-868-1628**




JSW TRANSPORT LTD.

Canada & US Customs Bonded Carrier

Email:info@jswtransport.com

Looking for Qualified LONG TERM Class1 Drivers & Owner Operators

**Qualifications and Skills**

*Drivers must have valid class1 driver license *Drivers with work permit can apply too
*Driver must have valid US visa to cross the border *Must be able to take pre-employment drug & alcohal testing screen *6 month over the road experience but fresh driver also welcome




Call for more information at 604-595-1555 or Fax:800-556-2026

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*18 ਨਵੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਅਮਰੀਕ ਸਿੰਘ ਸੰਧਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ:ਪਾਠ ਆਰੰਭ ਗੈਲਰੀ ਹਾਲ ਵਿਖੇ ਸਵੇਰੇ 10 ਵਜੇ

*19 ਨਵੰਬਰ ਦਿਨ ਸ਼ਨੀਵਾਰ ਅਨੰਦ ਕਾਰਜ ਦੀ ਰਸਮ ਸ. ਬਲਜੀਤ ਹੁੰਦਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*20 ਨਵੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਅਮਰੀਕ ਸਿੰਘ ਸੰਧਰ ਅਤੇ ਉਹਨਾਂ ਦੇ ਸਮੂਹ ਪਿਰਵਾਰ ਵੱਲੋਂ:ਪਾਠ ਭੋਗ ਗੈਲਰੀ ਹਾਲ ਵਿਖੇ ਸਵੇਰੇ 9:30 ਵਜੇ

*20 ਨਵੰਬਰ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਪਾਠ ਗੈਲਰੀ ਹਾਲ ਵਿਖੇ ਸਵੇਰੇ 10:30 ਵਜੇ ਬੀਬੀ ਗੁਰਬਖਸ਼ ਕੌਰ ਕੰਦੋਲਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

## ਸਾਲਾਨਾ ਜਰਨਲ ਮੀਟੰਗ 2022

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਸੋਸਾਇਟੀ ਦੇ ਸਮੂਹ ਮੈਂਬਰ ਸਾਹਿਬਾਨ ਦੀ ਜਰਨਲ ਮੀਟੰਗ ਗੁਰਦਆਰਾ ਸਾਹਿਬ ਵਿਖੇ ਦਸੰਬਰ 4, ਦਿਨ ਐਤਵਾਰ ਨੂੰ ਦੁਪਿਹਰ 2 ਵਜੇ ਮੇਨ ਹਾਲ ਵਿਖੇ ਹੋਵੇਗੀ। ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਜਰਨਲ ਮੀਟੰਗ ਵਿੱਚ ਆਉਣ ਦੀ ਕ੍ਰਿਪਾਲਤਾ ਕਰਨੀ ਜੀ।ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਮੈਂਬਰਿਸ਼ਪ ਕਾਰਡ ਅਤੇ ਫੋਟੋ ਦਿਖਾਉਣਾ ਲਾਜ਼ਮੀ ਹੋਵੇਗਾ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

*ਕਥਾ ਵਾਚਕ -ਭਾਈ ਜੈਵੀਰ ਸਿੰਘ

*ਰਾਗੀ ਜਥਾ ਭਾਈ ਰਣਜੋਧ ਸਿੰਘ ਜੀ ਫਰੀਦਕੋਟ ਵਾਲੇ

*ਢਾਢੀ ਜਥਾ-ਭਾਈ ਮਲਕੀਤ ਸਿੰਘ ਜੀ ਲੌਂਗੋਵਾਲ ਦਾ ਜਥਾ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

# ਆਰ ਐੱਸ ਐੱਸ ਤੇ ਭਾਜਪਾ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ‘ਚ ਦਖਲ ਬੰਦ ਕਰਨ:ਗਰੇਵਾਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੂੰ ਪੱਤਰ ਲਿਖ ਕੇ ਆਰ ਐੱਸ ਐੱਸ ਤੇ ਭਾਜਪਾ ਵੱਲੋਂ ਸਿੱਖ ਮਸਲਿਆਂ ਵਿਚ ਬੇਲੋੜੀ ਦਖਲਅੰਦਾਜ਼ੀ ਬੰਦ ਕਰਨ ਲਈ ਕਿਹਾ ਹੈ । ਸ਼੍ਰੋਮਣੀ ਕਮੇਟੀ ਦੇ ਸਥਾਪਨਾ ਦਿਵਸ ਮੌਕੇ ਮੰਗਲਵਾਰ ਭਾਗਵਤ ਨੂੰ ਲਿਖੇ ਪੱਤਰ ਵਿਚ ਭਾਈ ਗਰੇਵਾਲ ਨੇ ਸਖਤ ਸ਼ਬਦਾਂ ਵਿਚ ਕਿਹਾ ਕਿ ਵੱਡੀਆਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਲਈ ਆਰੰਭੇ ਗਏ ਸੰਘਰਸ਼ ਨੇ ਦੇਸ਼ ਦੀ ਅਜ਼ਾਦੀ ਦੇ ਘੋਲ ਦਾ ਮੁੱਢ ਬੰਨ੍ਹਿਆ ਸੀ, ਪਰ ਦੁੱਖ ਦੀ ਗੱਲ ਹੈ ਕਿ ਮੌਜੂਦਾ ਸਮੇਂ ਭਾਜਪਾ ਦੀ ਕੇਂਦਰ ਸਰਕਾਰ ਅਤੇ ਭਾਜਪਾ ਦੇ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਨੂੰ ਉਲਝਾਉਣ ਲਈ ਸਿੱਧੇ ਤੌਰ ‘ਤੇ ਦਖਲ ਦਿੱਤਾ ਜਾ ਰਿਹਾ ਹੈ।888


DHALIWAL GROUP OF COMPANIES

FISH PAKORA

Chilli Kabab

SAMOSA & TIKKI


ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ

604-543-2222

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant & Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421

www.DhoomRestaurant.com

BRAR & Co.
Accounting & Business Professionals

INCOME TAX ਇਨਕਮ ਟੈਕਸ

Nil Income Still Eligible For Refunds. E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

- Personal Tax (T1) • ਪਰਸਨਲ ਟੈਕਸ
- Sole Proprietor • ਪ੍ਰੋਪਰਾਇਟਰ
- Corporate Tax (T2) • ਕੋਰਪੋਰੇਟ ਟੈਕਸ
- Partnerships • ਪਾਰਟਨਰਸ਼ਿਪ
- GST, PST & HST • ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- WCB • ਡਬਲਿਊ.ਸੀ.ਬੀ.
- CRA Reviews • ਸੀ.ਆਰ.ਏ. ਰਿਵੀਊਜ਼
- Business Planning • ਬਿਜਨਿਸ ਪਲੈਨਿੰਗ

All Revenue Canada applications and inquiries.

Mandeep Brar: 778-908-3317
mandeep@brarco.ca



Continental Immigration Solutions
“Helping Make Canada Home”

- Super Visa • ਸੁਪਰ ਵੀਜ਼ਾ
- Permanent Residence • ਪਰਮਾਨੈਂਟ ਰੇਜੀਡੈਂਸ
- Study Permit • ਸਟੱਡੀ ਪਰਮਿਟ
- Work Permit • ਵਰਕ ਪਰਮਿਟ
- Provincial Nominations • ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- Spousal Sponsorship • ਪਤੀ/ਪਤਨੀ ਸਪੌਂਸਰਸ਼ਿਪ

Sukhvir Chand
RCIC, BBA
sukh@cisonline.ca
778-549-6851

www.cisonline.ca
Commissioner of Oaths for British Columbia
Member of CAPIC

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

# ਬੱਚੇ ਤੇ ਫੋਨ

ਮਾਂ ਦੇ ਗਰਭ ਵਿੱਚ ਆਉਣ ਤੋਂ ਪੰਦਰਾਂ ਕੁ ਵਰਿਆ ਦੀ ਉਮਰ ਤੱਕ ਇਨਸਾਨ ਬੱਚਾ ਹੁੰਦਾ ਹੈ । ਮਾਂ ਜੋ ਵੀ ਗਰਭ ਸਮੇਂ ਕਰਦੀ ਹੈ ਬੱਚਾ ਨਾਲ ਨਾਲ ਸਾਰਾ ਗਹਿਣਕਰਦਾ ਹੈ।ਜੇਕਰ ਅਸੀਂ ਆਪਣੇ ਇਤਿਹਾਸ ਵੱਲ ਝਾਤ ਮਾਰੀਏ ਤਾਂ ਹਰ ਸਿੱਖ ਯੋਧੇ ਦੀ ਮਾਤਾ ਵੀ ਮਹਾਨ , ਸੋਹਣੇ ਜੀਵਨ ਜਾਂਚ ਦੀ ਮਾਲਕ ਸੀ ਪੜ੍ਹਨ, ਸੁਣਨ ਨੂੰਮਿਲਦਾ ਹੈ।

ਮੁਢਲੇ ਚਾਰ ਪੰਜ ਸਾਲ ਤੱਕ ਬੱਚਾ ਕੋਰੇ ਕਾਗਜ਼ ਵਾਂਗ ਹੁੰਦਾ ਹੈ ਜੋ ਤੁਸੀਂ ਲਿਖ ਕੇ ਜਾ ਖੂਬਸੂਰਤ ਰੰਗ ਕਰਕੇ ਸਜਾਉਣਾ ਚਾਹੁੰਦੇ ਹੋ ਬੱਚਾ ਉਝ ਦਾ ਹੀਬਣ ਜਾਂਦਾ , ਜਾ ਫੇਰ ਕਹਿ ਲਵੋ ਘਰ ਵਿੱਚ ਜਿਸ ਤਰਾ ਦਾ ਮਾਹੌਲ ਬੱਚੇ ਨੂੰ ਮਿਲਦਾ ਬੱਚਾ ਸੁਭਾਵਿਕ ਹੀ ਉਸ ਤਰਾਂ ਦੇ ਸੁਭਾਅ ਦਾ ਮਾਲਕ ਬਣ ਜਾਂਦਾ ਹੈ। ਸੁਰੂਆਤੀ ਸਾਲਾ ਵਿੱਚ ਬੱਚੇਬਹੁਤ ਚੰਚਲ ਹੁੰਦੇ ਹਨ ਹਰ ਨਿੱਕੀ ਗੱਲ ਵੀ ਗੋਹ ਨਾਲ ਸੁਣਦੇ ਤੇ ਮੰਨਦੇ ਹਨ। ਅਸੀਂ ਕਈ ਵਾਰ ਆਪਣੇ ਸੁਆਰਥ ਲਈ ਬੱਚੇ ਨੂੰ ਡਰਾਉਣ ਦੀ ਕੋਸ਼ਿਸ਼ ਕਰਦੇ ਹਾਂ ਜਾਆਪਣੀ ਹਰ ਗੱਲ ਕਿਸੇ ਨਾ ਕਿਸੇ ਤਰਾਂ ਮਨਵਾਉਣ ਦੀ, ਥੋਪਣ ਦੀ । ਮਾਤਾ- ਪਿਤਾ ਨੂੰ ਬਿਲਕੁਲ ਵੀ ਇਸ ਤਰਾਂ ਨਹੀਂ ਕਰਨਾ ਚਾਹੀਦਾ। ਕਈ ਵਾਰ ਮਾਂ ਬਾਪ ਦੀਨਿੱਕੀ ਗਲਤੀ ਬੱਚੇ ਦੀ ਜ਼ਿੰਦਗੀ ਤਬਾਹ ਕਰ ਦਿੰਦੀ ਹੈ। ਕਦੇ ਵੀ ਬੱਚੇ ਤੇ ਦਬਾਅ ਨਾ ਪਾਉ, ਖੁੱਲ੍ਹੇ ਸੁਭਾਅ ਨਾਲ , ਖੁੱਲ੍ਹੇ

ਵਿਚਾਰਾਂ ਨਾਲ, ਪਿਆਰ ਨਾਲ, ਸਹਿਮਤੀ ਤੇ ਸਹਿਜਤਾਂ ਨਾਲ ਬੱਚੇ ਦਾ ਪਾਲਣ ਪੋਸ਼ਣ ਕਰੋ। ਅੱਜ ਬਹੁਤ ਜ਼ਿਆਦਾ ਬੱਚੇ ਗਲਤ ਰਸਤੇ ਤੇ ਜਾ ਰਹੇ ਹਨ । ਅਸੀਂ ਦੋਸ਼ਕਿਸ ਨੂੰ ਦੇਈਏ? ਮਾਂ ਬਾਪ ਨੂੰ ਬੱਚੇ ਦੀ ਉਮਰ ਦੇ ਹਿਸਾਬ ਨਾਲ ਚੱਲਣਾ ਚਾਹੀਦਾ। ਨਿੱਕੀ ਉਮਰ ਦੇ ਬੱਚੇ ਨੂੰ ਵੱਡੀ ਉਮਰ ਦੇ ਬੱਚੇ ਨਾਲ ਹੋ ਸਕੇ ਇਕੱਲਾ ਨਾ ਛੱਡੋ।ਜਦ ਕਦੇ ਨਿੱਕੀ ਉਮਰ ਦਾ ਬੱਚਾ ਕੋਈ ਗਲਤ ਸੰਗਤ ਵਿੱਚ ਪੈ ਜਾਵੇ ਤਾਂ ਮਾਂ ਬਾਪ ਦੇ ਰੋਕਣ ਤੇ ਵੀ ਨਹੀਂ ਰੁਕਦਾ ਕਿਉਂਕਿ ਇਨਸਾਨ ਆਪਣੇ ਸੁਭਾਅ ਅਨੁਸਾਰ ਹਰ ਚੰਗੀ ਗੱਲ ਵੱਲ ਸਹਿਜੇ ਤੇ ਗਲਤ ਗੱਲ ਵੱਲ ਤੇਜ਼ੀ ਨਾਲ ਵੱਧ ਜਾਂਦਾ ਹੈ।

ਬੱਚੇ ਦੀ ਉਮਰ ਅਨੁਸਾਰ ਹਰ ਚੰਗੀਮਾੜੀ ਗੱਲ ਸਮਝਾਉਣੀ ਚਾਹੀਦੀ ਹੈ। ਛੋਟੇ ਬੱਚੇ ਦਾ ਸਰੀਰਕ ਸ਼ੋਸ਼ਣ ਹੋ ਰਿਹਾ ਹੁੰਦਾ ਪਰ ਬੱਚਾ ਸੋਚਦਾ ਮੇਰੀ ਮਾਂ ਬਾਪ ਦੀ ਤਰਾਂ ਮੈਨੂੰ ਕੋਈ ਪਿਆਰ ਕਰ ਰਿਹਾ। ਬੱਚਾ ਉਦੋਂ ਤੱਕ ਆਪਣਾ ਬਚਾਅ ਆਪ ਨਹੀਂ ਕਰ ਸਕਦਾ ਜਦੋ ਤੱਕ ਉਸਨੂੰ ਇਹ ਨਹੀਂ ਪਤਾ ਕਿ ਕੀ ਸਹੀ ਹੈ? ਕੀ ਗਲਤ ਹੈ? ਬੱਚੇ ਨੂੰ ਆਪਣਾ ਬਚਾਅ ਕਰਨ ਦੀ ਸੋਝੀ ਦੇਣੀ ਬਹੁਤ ਜ਼ਰੂਰੀ ਹੈ। ਜਦ ਬੱਚਾ ਖੇਡ ਕੇਆਉਂਦਾ ਜਾ ਸਕੂਲ ਤੋਂ ਆਉਂਦਾ ਉਸ ਨੂੰ ਉਸ ਦੇ ਵਕਤ ਵਾਰੇ ਜ਼ਰੂਰ ਪੁੱਛੋ । ਉਸਨੂੰ ਅੱਜ ਕੀ ਮਾੜਾ ਲੱਗਾ ? ਕੀ ਚੰਗਾ ਲੱਗਾ ? ਸਭ ਕੁਝ ਪਿਆਰ ਨਾਲ ਜਾਨਣ ਦੀਕੋਸ਼ਿਸ਼ ਕਰੋ, ਬੱਚੇ ਦੀ ਹਰ ਗੱਲ ਧਿਆਨ ਨਾਲ ਸੁਣੋ, ਆਪਣੇ ਬੱਚੇ ਨੂੰ ਵਕਤ ਦਿਉ।



ਇਹ ਬੱਚੇ ਸਾਡਾ ਆਉਣ ਵਾਲਾ ਕੱਲ ਹਨ।ਮਾਂ ਬਾਪ ਬੱਚੇ ਦੇ ਜੀਵਨ ਦਾ ਪੂਰਾਭਾਗ ਹੁੰਦੇ ਹਨ।ਬੱਚੇ ਰੂਪੀ ਖਿੜਦਾ ਹਰ ਫੁੱਲ ਖੁਸ਼ਬੂਦਾਰ ਹੋਵੇਗਾ, ਖਿੱਚ ਦਾ ਕੇਂਦਰ ਬਣੇਗਾ ਜੇਕਰ ਮਾਂ ਬਾਪ ਨੇ ਨੇਕੀ, ਵਫ਼ਾਦਾਰੀ , ਪਿਆਰ ਤੇ ਰਿਸ਼ਤੇ ਦੇ ਨਿੱਘਵਾਲਾ ਪਾਣੀ ਸਹੀ ਵਕਤ ਤੇ ਸਹੀ ਤਰੀਕੇ ਨਾਲ ਦਿੱਤਾ ਹਉਂ।

ਜਿੰਨਾ ਹੋ ਸਕੇ ਨਿੱਕੇ ਬੱਚੇ ਨੂੰ ਫੋਨ ਤੋਂ ਦੂਰ ਰੱਖੋ ਜੀ। ਦੇਖਣ ਸੁਣਨ ਨੂੰ ਮਿਲਦਾ ਹੈ ਮਾਂ ਆ ਸਲੇਟ ਜਹੀ ਹੱਥ ਵਿੱਚ ਫੜਕੇ ਸਵਖਤੇ ਬੱਚੇ ਨੂੰ ਜਗਾਉਂਦੀ ਹੈ , ਕਾਲੀ ਸਲੇਟਮੂਹਰੇ ਰੱਖ ਕੇ ਹੀ ਖਾਣਾ ਖੁਆਉਂਦੀ ਹੈ। ਮੁਆਫ ਕਰਨਾ ਅੱਜ ਬਹੁਤ ਸਾਰੇ ਬੱਚੇ ਇਸ ਤਰਾ ਦੇ ਹਨ ਜ਼ਿਹਨਾਂ ਦੀ ਕਾਲੀ ਸਲੇਟ ਨਾਲ ਜੀਵਨ ਲੀਲਾ ਹੀ ਕਾਲੀ ਹੋ ਚੁੱਕੀਹੈ। ਆਉ ਰਲਕੇ ਆਪਣੇ ਆਪਣੇ ਬੱਚਿਆ ਨੂੰ ਪਿਆਰ ਨਾਲ ਪਾਲੀਏ ਤੇ ਸੋਹਣਾ ਸਲੀਕੇ ਵਾਲਾ ਭਵਿੱਖ ਬਣਾਈਏ।

-ਸਰਬਜੀਤ ਲੌਂਗੀਆਂ ਜਰਮਨੀ

# ਗੰਨ (ਬੰਦੂਕ) ਝੂਠੀ ਸ਼ਾਨ ਦੀ ਨਿਸ਼ਾਨੀ ਨਹੀਂ ਬਣਾਉਣੀ ਚਾਹੀਦੀ, ਜ਼ਿੰਮੇਵਾਰੀ ਦਾ ਅਹਿਸਾਸ ਪਹਿਲਾਂ ਹੋਣਾ ਚਾਹੀਦਾ ਹੈ

ਪਿਛਲੇ ਕੁੱਝ ਸਮੇਂ ਤੋਂ ਪੰਜਾਬ ਦੇ ਬਾਂਕੇ ਨੌਜੁਆਨ ਖ਼ਬਰਾਂ ਵਿਚ ਛਾਏ ਰਹੇ ਹਨ, ਕਿਸੇ 'ਪ੍ਰਾਪਤੀ' ਕਰ ਕੇ ਨਹੀਂ ਬਲਕਿ 'ਗੰਨ ਕਲਚਰ' ਦੇ ਹਿੱਸੇ ਵਜੋਂ ਹੀ। ਇਹ ਗੰਨ ਕਲਚਰ, ਦੁਨੀਆਂ ਨੂੰ ਅਮਰੀਕਾ ਦੀ ਦੇਣ ਹੈ ਤੇ ਹੁਣ ਅਮਰੀਕਾ ਖ਼ੁਦ ਪਛਤਾ ਰਿਹਾ ਹੈ ਕਿ ਨੌਜੁਆਨਾਂ ਦੇ ਹੱਥਾਂ ਵਿਚ ਗੰਨਾਂ (ਬੰਦੂਕਾਂ) ਫੜਾ ਦੇਣਾ, ਅਮਰੀਕਾ ਲਈ ਘਾਤਕ ਸਾਬਤ ਹੋ ਰਿਹਾ ਹੈ ਕਿਉਂਕਿ ਆਏ ਦਿਨ ਕੋਈ ਨਾ ਕੋਈ ਅਮਰੀਕੀ ਨੌਜੁਆਨ ਅਚਾਨਕ ਸਕੂਲ ਦੇ ਬੱਚਿਆਂ ਉਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਲਗਦਾ ਹੈ ਜਾਂ ਕਿਸੇ ਸਮਾਗਮ ਵਿਚ ਪਹੁੰਚ ਕੇ ਗੋਲੀਆਂ ਚਲਾ ਦੇਂਦਾ ਹੈ ਤੇ ਫਿਰ ਆਪ ਵੀ ਖ਼ੁਦਕੁਸ਼ੀ ਕਰ ਲੈਂਦਾ ਹੈ।ਅਮਰੀਕਾ ਵਿਚ ਬੰਦੂਕਾਂ ਤਿਆਰ ਕਰਨ ਵਾਲੇ ਵੱਡੇ ਅਰਬਾਂਪਤੀ ਕਾਰਖ਼ਾਨੇਦਾਰ ਏਨੇ 'ਬਾਹੂਬਲੀ' ਬਣ ਗਏ ਹਨ ਕਿ ਉਹ ਬੰਦੂਕ ਦੀ ਖੁਲ੍ਹੇਆਮ ਵਰਤੋਂ ਤੇ ਪਾਬੰਦੀ ਲਾਉਣ ਦੀ ਕੋਸ਼ਿਸ਼ ਕਰਨ ਵਾਲੀ ਸਰਕਾਰ ਨੂੰ ਹੀ ਡੇਗ ਦੇਣ ਦੀਆਂ ਧਮਕੀਆਂ ਦੇਣ ਲੱਗ ਪੈਂਦੇ ਹਨ। ਗੰਨ ਇੰਡਸਟਰੀ ਦੇ ਮਾਲਕਾਂ ਕੋਲ ਪੈਸਾ ਏਨਾ ਜ਼ਿਆਦਾ ਹੈ ਕਿ ਜਿੰਨੇ ਚਾਹੁਣ, ਐਮ.ਪੀ. ਖ਼ਰੀਦ ਸਕਦੇ ਹਨ। ਸੋ ਉਥੋਂ ਦੀ ਸਰਕਾਰ ਚਾਹ ਕੇ ਵੀ, ਕਦਮ ਪਿੱਛੇ ਹਟਾ ਲੈਣ ਲਈ ਮਜਬੂਰ ਹੋ ਜਾਂਦੀ ਹੈ।ਇਧਰ ਹਿੰਦੁਸਤਾਨ ਵਿਚ ਅਜੇ 'ਗੰਨ ਕਲਚਰ' ਪੰਜਾਬ ਅਤੇ ਕੁੱਝ ਕੁੱਝ ਹਰਿਆਣਾ ਦੇ ਨੌਜੁਆਨਾਂ ਉਤੇ ਹੀ ਅਸਰ-ਅੰਦਾਜ਼ ਹੋ ਸਕਿਆ ਹੈ, ਇਸ ਲਈ ਸਾਰੇ ਹਿੰਦੁਸਤਾਨ ਦਾ ਧਿਆਨ ਇਸ ਪਾਸੇ ਨਹੀਂ ਜਾ ਸਕਿਆ। ਪੰਜਾਬ ਵਿਚ ਬਹੁਤੇ ਸਿੱਖ ਨੌਜੁਆਨ ਹੀ ਇਸ 'ਗੰਨ ਕਲਚਰ' ਵਿਚ ਸ਼ਾਮਲ ਹੋਏ ਵੇਖੇ ਜਾ ਸਕਦੇ ਹਨ, ਇਸ ਲਈ ਸਿੱਖਾਂ ਦਾ ਅਕਸ ਵੀ ਖ਼ਰਾਬ ਹੁੰਦਾ ਜਾ ਰਿਹਾ ਹੈ। ਵਿਆਹ ਵਿਚ ਕੋਈ ਖ਼ੁਸ਼ੀ ਵਿਚ ਅਚਾਨਕ ਗੋਲੀਆ ਚਲਾ ਕੇ ਕਈਆਂ ਨੂੰ ਮਾਰ ਦੇਂਦਾ ਹੈ ਜਾਂ ਕਿਸੇ ਸਮਾਗਮ ਵਿਚ ਲੜਕੀ ਵਲੋਂ ਫ਼ਰਮਾਇਸ਼ ਪੂਰੀ ਨਾ ਕਰਨ ਤੇ ਗੋਲੀ ਚਲਾ ਦਿਤੀ ਜਾਂਦੀ ਹੈ। ਦੁਸ਼ਮਣੀ ਕੱਢਣ ਲਈ ਹੀ ਨਹੀਂ, ਫੋਕੀ ਸ਼ਾਨ ਦਾ ਵਿਖਾਵਾ ਕਰਨ ਲਈ ਬੰਦੂਕ ਦੀ ਵਰਤੋਂ ਕਰਨੀ, ਆਮ ਜਹੀ ਗੱਲ ਹੋ ਗਈ ਹੈ।ਇਸ ਸੰਦਰਭ ਨੂੰ ਸਾਹਮਣੇ ਰੱਖ ਕੇ ਵੇਖਿਆ ਜਾਏ ਤਾਂ ਭਗਵੰਤ ਮਾਨ ਸਰਕਾਰ ਨੇ ਗੰਨ ਕਲਚਰ ਉਤੇ ਲਗਾਮ ਲਾਉਣ ਦਾ ਠੀਕ ਹੀ ਫ਼ੈਸਲਾ ਕੀਤਾ ਹੈ। ਤਿੰਨ ਮਹੀਨੇ ਅੰਦਰ ਸਾਰੇ ਲਾਈਸੈਂਸਾਂ ਦਾ ਰੀਵੀਊ ਕੀਤਾ ਜਾਏਗਾ ਤੇ ਜਿਨ੍ਹਾਂ ਨੇ ਬੰਦੂਕ ਦੀ ਗ਼ਲਤ ਵਰਤੋਂ ਕੀਤੀ ਹੋਵੇਗੀ, ਉਨ੍ਹਾਂ ਦੇ ਲਾਈਸੈਂਸ ਰੱਦ ਕਰ ਦਿਤੇ ਜਾਣਗੇ। ਨਵੇਂ ਲਾਈਸੈਂਸ ਵੀ ਹੁਣ ਪੂਰੀ ਪੜਤਾਲ ਕਰਨ ਮਗਰੋਂ ਦਿਤੇ ਜਾਣਗੇ। ਨਾਜਾਇਜ਼ ਹਥਿਆਰ, ਪੰਜਾਬ ਵਿਚ, ਪਾਕਿਸਤਾਨ ਵਾਲੇ ਪਾਸਿਉਂ ਏਨੇ ਜ਼ਿਆਦਾ ਭੇਜ ਦਿਤੇ ਗਏ ਹਨ ਕਿ ਸਾਰੀ ਵੱਡੀ ਸਮੱਸਿਆ ਇਕਦੰਮ ਹੱਲ ਨਹੀਂ ਕੀਤੀ ਜਾ ਸਕਣੀ ਪਰ ਇਕ ਚੰਗਾ ਕਦਮ ਤਾਂ ਪੁਟ ਹੀ ਲਿਆ ਗਿਆ ਹੈ ਤੇ ਇਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਬੰਦੂਕਾਂ ਦੀ ਤਾਰੀਫ਼ ਵਿਚ ਲਿਖੇ ਜਾ ਰਹੇ ਗੀਤਾਂ ਉਤੇ ਵੀ 'ਸੈਂਸਰ ਬੋਰਡ' ਬਿਠਾਉਣ ਦਾ ਪ੍ਰੋਗਰਾਮ ਬਣਾ ਲਿਆ ਗਿਆ ਹੈ ਜੋ ਥੋੜਾ ਜਿਹਾ ਸਖ਼ਤ ਕਦਮ ਲਗਦਾ ਹੈ ਪਰ ਚਲ ਰਹੇ ਹਾਲਾਤ ਵਿਚ ਬਹੁਤਾ ਗ਼ਲਤ ਵੀ ਨਹੀਂ ਕਿਹਾ ਜਾ ਸਕਦਾ। ਸਾਹਿਤ ਵੀ ਉਦੋਂ ਤਕ ਹੀ ਚੰਗਾ ਲਗਦਾ ਹੈ ਜਦ ਤਕ ਇਹ ਫੋਕੀ ਸ਼ਾਨ ਅਤੇ ਗ਼ੈਰ-ਜ਼ਿੰਮੇਵਾਰੀ ਵਾਲੀ ਬੰਦੂਕ-ਵਰਤੋਂ ਦੀ ਵਕਾਲਤ, ਏਨੀ ਤੇਜ਼ ਆਵਾਜ਼ ਵਿਚ ਕਰਨਾ ਸ਼ੁਰੂ ਨਹੀਂ ਕਰ ਦੇਂਦਾ।ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੇ ਹੱਥ ਵਿਚ ਤਲਵਾਰ ਫੜਾਈ ਸੀ ਪਰ ਇਕ ਫ਼ਾਰਸੀ ਸ਼ੇਅਰ ਵਿਚ (ਚੂੰ ਕਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ-ਬ ਸ਼ਮਸ਼ੀਰ ਦਸਤ) ਸਪੱਸ਼ਟ ਕਰ ਦਿਤਾ ਸੀ ਕਿ ਉਹ ਹਥਿਆਰ ਚੁੱਕਣ ਨੂੰ ਉਦੋਂ ਹੀ ਜਾਇਜ਼ ਸਮਝਦੇ ਹਨ ਜਦ ਹੋਰ ਸਾਰੇ ਹੀਲੇ ਨਾਕਾਮ ਹੋ ਜਾਣ। ਗੁਰੂ ਗੋਬਿੰਦ ਸਿੰਘ ਜੀ ਹੋਰ ਲਿਖਦੇ ਹਨ ਕਿ ਉਦੋਂ ਵੀ 'ਲਾਚਾਰਗੀ ਵੱਸ' ਹੀ ਉਹ ਹਥਿਆਰ ਚੁਕਣ ਦੀ ਗੱਲ ਸੋਚਦੇ ਹਨ। ਪੰਜਾਬ ਦੇ ਨੌਜੁਆਨਾਂ ਤਕ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸੁਨੇਹਾ ਵੱਧ ਤੋਂ ਵੱਧ ਢੰਗਾਂ ਤਰੀਕਿਆਂ ਨਾਲ ਪਹੁੰਚਣਾ ਚਾਹੀਦਾ ਹੈ ਤਾਕਿ ਉਹ ਅਪਣੀ ਸ਼ਾਨ ਅਤੇ ਅਪਣਾ ਦਬਦਬਾ ਬਣਾਉਣ ਖ਼ਾਤਰ ਹੀ ਬੰਦੂਕ ਨਾ ਚੁੱਕਣ ਸਗੋਂ ਪੂਰੀ ਜ਼ਿੰਮੇਵਾਰੀ ਦਾ ਅਹਿਸਾਸ ਅਪਣੇ ਅੰਦਰ ਪੈਦਾ ਕਰਨ ਮਗਰੋਂ ਹੀ ਅਜਿਹਾ ਕਰਨ।-ਸਪੋਕਸਮੈਨ

# ਪੰਜਾਬ ਕੋਲ ਵਾਧੂ ਪਾਣੀ ਨਹੀਂ ਵੀ ਤਾਂ ਵੀ ਹਰਿਆਣੇ ਨੂੰ ਜ਼ਰੂਰ ਦੇਵੇ ਕਿਉਂਕਿ ਇਹ ਕੇਂਦਰ ਨੇ ਨਿਸ਼ਚਿਤ ਕੀਤਾ ਸੀ

ਪੰਜਾਬੀ ਸੂਬੇ ਦੀ ਮੰਗ ਨੂੰ ਰੱਦ ਕਰਨ ਲਈ ਨਹਿਰੂ ਸਰਕਾਰ ਤੇ ਦੇਸ਼ ਦੀ ਐਡਮਨਿਸਟਰੇਸ਼ਨ ਕਿਸ ਹੱਦ ਤਕ ਗਈ, ਇਸ ਦਾ ਇਤਿਹਾਸ ਫਰੋਲਣ ਦਾ ਯਤਨ ਕਰੀਏ ਤਾਂ ਇਕ ਹੀ ਗੱਲ ਸਮਝ ਵਿਚ ਆਉਂਦੀ ਹੈ ਕਿ ਭਾਰਤ ਦੇ ਆਖ਼ਰੀ ਅੰਗਰੇਜ਼ ਵਾਇਸਰਾਏ ਲਾਰਡ ਮਾਊਂਟਬੈਟਨ ਨੇ ਆਜ਼ਾਦੀ ਮਗਰੋਂ, ਭਾਰਤ ਵਿਚ ਅੰਗਰੇਜ਼ਾਂ ਤੇ ਭਾਰਤੀ ਈਸਾਈਆਂ ਲਈ ਵਿਸ਼ੇਸ਼ ਰਿਆਇਤਾਂ ਪ੍ਰਾਪਤ ਕਰਨ ਲਈ ਜਿਵੇਂ ਸਿੱਖਾਂ ਵਿਰੁਧ ਨਹਿਰੂ ਦੇ ਕੰਨ ਭਰੇ ਸਨ, ਉਨ੍ਹਾਂ ਦਾ ਅਸਰ ਹੌਲੀ ਹੌਲੀ ਸਾਰੇ ਹੀ ਕੇਂਦਰੀ ਹਿੰਦੂ ਨੇਤਾਵਾਂ ਦੇ ਤਨ ਮਨ ਤੇ ਛਾ ਗਿਆ ਤੇ ਦੇਸ਼ ਲਈ ਸਿੱਖਾਂ ਦੀਆਂ ਲੱਖ ਕੁਰਬਾਨੀਆਂ ਦੇ ਬਾਵਜੂਦ, ਅਜੇ ਤਕ ਉਸ ਦਾ ਅਸਰ ਖ਼ਤਮ ਨਹੀਂ ਹੋਇਆ, ਸਗੋਂ ਵਧਦਾ ਹੀ ਜਾ ਰਿਹਾ ਹੈ।

ਮਾਊਂਟਬੈਟਨ ਨੇ ਨਹਿਰੂ ਅਤੇ ਹਿੰਦੂ ਲੀਡਰਸ਼ਿਪ ਦਾ ਵਿਸ਼ਵਾਸ ਜਿੱਤਣ ਲਈ ਨਹਿਰੂ ਨੂੰ ਇਕ ਨੋਟ ਬਣਾ ਕੇ ਦਿਤਾ ਸੀ ਜਿਸ ਵਿਚ ਲਿਖਿਆ ਸੀ ਕਿ,''ਸਿੱਖ ਬਹੁਤ ਬਹਾਦਰ ਤੇ ਵਫ਼ਾਦਾਰ ਕੌਮ ਹੈ ਪਰ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਇਨ੍ਹਾ ਦੇ ਦਿਲ ਵਿਚ ਅਪਣਾ ਰਾਜ ਸਥਾਪਤ ਕਰਨ ਦੀ ਇੱਛਾ ਕਦੇ ਖ਼ਤਮ ਨਹੀਂ ਹੋਈ ਤੇ ਰਣਜੀਤ ਸਿੰਘ ਦਾ ਰਾਜ ਖ਼ਤਮ ਹੋਣ ਮਗਰੋਂ ਤੋਂ ਲੈ ਕੇ ਇਹ ਵਾਰ ਵਾਰ ਉਠ ਖੜੀ ਹੁੰਦੀ ਹੈ।

ਇਸੇ ਲਈ ਸਿੱਖਾਂ ਨਾਲ ਬੜੇ ਚੰਗੇ ਸਬੰਧ ਬਣਾਈ ਰੱਖਣ ਦੇ ਨਾਲ ਨਾਲ ਅਸੀ ਇਹ ਵੀ ਸਦਾ ਧਿਆਨ ਵਿਚ ਰਖਿਆ ਕਿ ਇਨ੍ਹਾਂ ਦੇ ਹੱਥਾਂ ਵਿਚ ਬਹੁਤੀ ਰਾਜਸੀ ਤਾਕਤ ਕਦੇ ਇਕੱਠੀ ਨਾ ਹੋਣ ਦਿਤੀ ਜਾਵੇ। ਮੈਂ ਤੁਹਾਨੂੰ ਵੀ ਇਹੀ ਸਲਾਹ ਦਿਆਂਗਾ ਕਿ ਤੁਸੀਂ ਇਨ੍ਹਾਂ ਨੂੰ ਹੋਰ ਜੋ ਵੀ ਦਿਉ ਪਰ ਇਨ੍ਹਾਂ ਨੂੰ ਰਾਜਸੀ ਤੌਰ ਤੇ ਬਹੁਤੇ ਤਾਕਤਵਰ ਕਦੇ ਨਾ ਬਣਨ ਦੇਣਾ।''

ਇਹ ਕਾਨਾਫੂਸੀ ਵਰਗਾ ਸੁਝਾਅ ਦੇ ਕੇ ਮਾਊਂਟਬੈਟਨ ਅਪਣੇ ਲਈ ਕਈ ਫ਼ਾਇਦੇ ਲੈਣ ਵਿਚ ਕਾਮਯਾਬ ਹੋਇਆ। ਸੁਪ੍ਰੀਮ ਕੋਰਟ ਆਫ਼ ਇੰਡੀਆ ਵਿਚ ਇਕ ਅੰਗਰੇਜ਼ ਨੂੰ ਆਜ਼ਾਦੀ ਮਗਰੋਂ ਵੀ ਜੱਜ ਲਗਾ ਦਿਤਾ ਗਿਆ, ਹਿੰਦੁਸਤਾਨ ਨੂੰ ਕਾਮਨਵੈਲਥ ਦਾ ਮੈਂਬਰ ਬਣਨ ਲਈ ਵੀ ਤਿਆਰ ਕਰ ਗਿਆ ਤੇ ਭਾਰਤੀ ਈਸਾਈਆਂ ਲਈ ਵੀ ਕਈ ਲਾਭ ਲੈ ਗਿਆ ਪਰ ਨਾਲ ਦੀ ਨਾਲ ਸਿੱਖਾਂ ਦੇ ਰਾਹ ਵਿਚ ਬੇਵਿਸ਼ਵਾਸੀ ਦੇ ਕੰਡੇ ਵੀ ਖਲੇਰ ਗਿਆ। ਪੰਜਾਬੀ ਸੂਬੇ ਦਾ ਇਸੇ ਲਈ ਅੰਨ੍ਹਾ ਵਿਰੋਧ ਕੀਤਾ ਗਿਆ ਹਾਲਾਂਕਿ ਬਾਕੀ ਸਾਰੇ ਦੇਸ਼ ਵਿਚ ਗੱਜ ਵੱਜ ਕੇ ਇਕ ਭਾਸ਼ਾਈ ਸੂਬੇ ਬਣਾਏ ਜਾ ਰਹੇ ਸਨ। ਸਿੱਖ ਬਹੁਗਿਣਤੀ ਵਾਲਾ ਪਹਿਲਾ ਰਾਜ ਬਣਨ ਦਾ ਵਿਚਾਰ ਹੀ ਉਨ੍ਹਾਂ ਨੂੰ ਕੰਬਣੀ ਛੇੜ ਦੇਂਦਾ ਸੀ।

ਮਸਲਾ ਗੰਭੀਰ ਹੈ ਤੇ ਕਾਫ਼ੀ ਵੱਡੀ ਵਿਚਾਰ ਚਰਚਾ ਦੀ ਮੰਗ ਕਰਦਾ ਹੈ ਪਰ ਇਸ ਵੇਲੇ ਅਸੀ ਉਸ ਵੇਲੇ ਦੀ ਸਿੱਖ ਸ਼ਕਤੀ ਵਿਚ ਵਾਧੇ ਤੋਂ ਡਰਨ ਵਾਲਿਆਂ ਵਲੋਂ ਚੁੱਕੇ ਗਏ ਕਈ ਕਦਮਾਂ ਵਿਚੋਂ ਇਕ ਦਾ ਹੀ ਜ਼ਿਕਰ ਕਰਦੇ ਹਾਂ ਕਿ ਭਾਰਤ-ਪਾਕਿ ਵਿਚਕਾਰ ਪਾਣੀਆਂ ਦੀ ਵੰਡ ਬਾਰੇ ਜੋ ਸਮਝੌਤਾ ਹੋਇਆ, ਉਸ ਦੇ ਜਾਣ ਬੁਝ ਕੇ ਅਰਥ ਵਿਗਾੜ ਕੇ ਅਤੇ ਸੰਸਾਰ ਭਰ ਵਿਚ ਲਾਗੂ 'ਰਾਏਪੇਰੀਅਨ ਲਾਅ' ਨੂੰ ਇਕ ਪਾਸੇ ਰੱਖ ਕੇ, ਪੰਜਾਬ ਦੇ ਪਾਣੀਆਂ ਨੂੰ ਕੇਂਦਰ ਸਰਕਾਰ ਨੇ ਮੁਫ਼ਤ ਦੇ ਮਾਲ ਵਜੋਂ ਹਰਿਆਣਾ ਤੇ ਰਾਜਸਥਾਨ ਨੂੰ ਵੰਡ ਦਿਤਾ। ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਨੇ ਵੀ ਨਹਿਰੂ ਦੇ ਗ਼ਲਤ ਅਤੇ ਪੰਜਾਬ ਵਿਰੋਧੀ ਫ਼ੈਸਲੇ ਨੂੰ ਲਾਗੂ ਕਰਨ ਵਿਚ ਪੂਰੀ ਵਫ਼ਾਦਾਰੀ ਨਾਲ ਦਿੱਲੀ ਦੇ ਹਾਕਮਾਂ ਦਾ ਹੁਕਮ ਮੰਨਿਆ ਕਿਉਂਕਿ ਉਹ ਦਿੱਲੀ ਵਿਚ ਡੀਫ਼ੈਂਸ ਮਨਿਸਟਰ ਬਣਨਾ ਚਾਹੁੰਦਾ ਸੀ ਤੇ ਕਿਸੇ ਵੀ ਪੰਜਾਬ ਵਿਰੋਧੀ ਗੱਲ ਦਾ ਵਿਰੋਧ ਨਹੀਂ ਸੀ ਕਰਦਾ।

ਹੁਣ ਇਸ ਵੇਲੇ ਭਾਰਤ ਵਿਚ ਬੀਜੇਪੀ ਦਾ ਰਾਜ ਹੈ ਪਰ ਪੰਜਾਬ ਅਤੇ ਸਿੱਖਾਂ ਬਾਰੇ ਅੱਜ ਵੀ ਮਾਊਂਟਬੈਟਨ ਦਾ ਸਾਜ਼ਸ਼ੀ ਸੁਝਾਅ ਹੀ ਲਾਗੂ ਕੀਤਾ ਜਾ ਰਿਹਾ ਹੈ। ਤਾਜ਼ਾ ਖ਼ਬਰ ਹੈ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਇਹ ਕਹਿਣ ਤਕ ਚਲੇ ਗਏ ਹਨ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ, ਤਾਂ ਵੀ ਇਸ ਨੂੰ ਹਰਿਆਣੇ ਨੂੰ ਪਾਣੀ ਜ਼ਰੂਰ ਦੇਣਾ ਚਾਹੀਦਾ ਹੈ ਕਿਉਂਕਿ ਇਸ ਦਾ ਫ਼ੈਸਲਾ ਕੇਂਦਰ ਸਰਕਾਰ ਨੇ ਕੀਤਾ ਸੀ। ਕਮਾਲ ਦੀ ਹੈ ਨਾ ਦਲੀਲਬਾਜ਼ੀ? ਤੁਸੀ ਆਪ ਪਿਆਸ ਨਾਲ ਮਰ ਰਹੇ ਹੋ, ਤਾਂ ਵੀ ਕੇਂਦਰ ਦਾ ਹੁਕਮ ਮੰਨਣਾ ਤੁਹਾਡੇ ਲਈ ਲਾਜ਼ਮੀ ਹੈ!! ਭਾਖੜਾ ਬੋਰਡ ਦੀ ਪ੍ਰਬੰਧਕੀ ਕਮੇਟੀ ਵਿਚੋਂ ਵੀ ਪੰਜਾਬ ਦੀ ਪੱਕੀ ਮੈਂਬਰਸ਼ਿਪ ਖ਼ਤਮ ਕਰਨ ਬਾਰੇ ਪੰਜਾਬ ਦੇ ਰੋਸ ਨੂੰ ਨਜ਼ਰ ਅੰਦਾਜ਼ ਕਰ ਦਿਤਾ ਗਿਆ ਹੈ।

ਪੰਜਾਬ ਦਾ ਕੋਈ ਹੱਕ ਮੰਨਣ ਲਈ ਕੇਂਦਰ ਰਾਜ਼ੀ ਹੈ ਵੀ ਜਾ ਨਹੀਂ? ਕੇਂਦਰ ਇਕ ਹੀ ਹੱਕ ਪ੍ਰਵਾਨ ਕਰਦਾ ਲਗਦਾ ਹੈ ਕਿ ਪੰਜਾਬ ਵਾਲੇ ਖ਼ੁਦਕੁਸ਼ੀਆਂ ਬੇਸ਼ੱਕ ਕਰ ਲੈਣ ਪਰ ਮੰਗਣ ਕੁੱਝ ਨਾ। ਪੰਜਾਬ ਦੀ ਲੀਡਰਸ਼ਿਪ ਪਿਛਲੇ 20-25 ਸਾਲ ਤੋਂ ਨਾ ਹੋਇਆਂ ਵਰਗੀ ਹੋਣ ਦੇ ਨਤੀਜੇ ਸਾਹਮਣੇ ਆ ਰਹੇ ਹਨ।

**-ਧੰਨਵਾਦ ਸਹਿਤ ਸਪੋਕਸਮੈਨ ਚੰਡੀਗੜ੍ਹ**




# ਸੀਸ ਤਲੀ 'ਤੇ ਰੱਖ ਕੇ ਮੈਦਾਨ-ਏ-ਜੰਗ ਵਿਚ ਨਿਤਰਨ ਵਾਲੇ ਸ਼ਹੀਦ ਬਾਬਾ ਦੀਪ ਸਿੰਘ ਜੀ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

ਇਹਨਾਂ ਤੁਕਾਂ ਨੂੰ ਜੀਵਨ ਵਿੱਚ ਅਮਲੀ ਜਾਮਾ ਪਹਿਨਾ ਕੇ ਪੂਰਾ ਉੱਤਰਨ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਜੋ ਨਾਂਅ ਸਾਡੇ ਜ਼ਹਿਨ ਵਿੱਚ ਆਉਂਦਾ ਹੈ ਉਹ ਨਾਂਅ ਹੈ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ। ਜਿਹਨਾਂ ਨੇ ਬਹਾਦਰੀ ਦੀ ਐਸੀ ਪਰਿਭਾਸ਼ਾ ਲਿਖੀ ਜਿਸ ਅੱਗੇ ਆਪ ਮੁਹਾਰੇ ਸੀਸ ਝੁਕ ਜਾਂਦਾ ਹੈ। ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈ. ਨੂੰ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਦੀ ਤਹਿਸੀਲ ਪੱਟੀ ਦੇ ਪਿੰਡ ਪਹੂਵਿੰਡ ਵਿਖੇ ਰਹਿਣ ਵਾਲੇ ਇੱਕ ਪਰਿਵਾਰ ਵਿੱਚ ਭਾਈ ਭਗਤੂ ਅਤੇ ਮਾਤਾ ਜਿਉਣੀ ਦੇ ਘਰ ਹੋਇਆ। ਜਦੋਂ ਬਾਬਾ ਜੀ ਦੀ ਉਮਰ 18 ਸਾਲ ਦੀ ਹੋਈ ਤਾਂ ਇੱਕ ਵਾਰ ਮਾਤਾ ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਗਏ। ਕੁੱਝ ਦਿਨ ਰਹਿ ਕੇ ਮਾਤਾ ਪਿਤਾ ਤਾਂ ਵਾਪਸ ਪਿੰਡ ਪਹੂਵਿੰਡ ਚਲੇ ਗਏ, ਪਰ ਬਾਬਾ ਜੀ ਇੱਥੇ ਹੀ ਰਹਿ ਗਏ। ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਉਹਨਾਂ ਦੇ ਜੀਵਨ ਵਿੱਚ ਮਹੱਤਵਪੂਰਨ ਮੋੜ ਆਇਆ ਅਤੇ ਉਹ ਦੀਪੇ ਤੋਂ ਦੀਪ ਸਿੰਘ ਬਣ ਗਏ।ਸ੍ਰੀ ਅਨੰਦਪੁਰ ਸਾਹਿਬ ਵਿੱਚ ਰਹਿ ਕੇ ਬਾਬਾ ਜੀ ਨੇ ਸ਼ਸਤਰ ਤੇ ਸ਼ਾਸਤਰ ਵਿੱਦਿਆ ਵਿਚ ਬਰਾਬਰੀ ਨਾਲ ਮੁਹਾਰਤ ਹਾਸਲ ਕਰ ਲਈ। 20-22 ਸਾਲ ਦੀ ਉਮਰ ਤੱਕ ਜਿੱਥੇ ਭਾਈ ਮਨੀ ਸਿੰਘ ਵਰਗੇ ਉਸਤਾਦ ਕੋਲੋਂ ਗੁਰਬਾਣੀ ਦਾ ਚੋਖਾ ਗਿਆਨ ਹਾਸਲ ਕੀਤਾ, ਉੱਥੇ ਹੀ ਨਿਪੁੰਨ ਸਿਪਾਹੀ ਵੀ ਬਣ ਗਏ। ਕੁੱਝ ਸਮੇਂ ਬਾਅਦ ਬਾਬਾ ਜੀ ਆਪਣੇ ਪਿੰਡ ਪਹੂਵਿੰਡ ਆ ਗਏ ਜਿੱਥੇ ਉਹਨ੍ਹਾਂ ਨੇ ਧਰਮ ਪ੍ਰਚਾਰ ਦਾ ਕਾਰਜ ਬੜੀ ਹੀ ਲਗਨ ਅਤੇ ਸ਼ਰਧਾ ਨਾਲ ਨਿਭਾਇਆ।

ਜਦੋਂ ਦਸਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਭਾਈ ਮਨੀ ਸਿੰਘ ਜੀ ਦੇ ਨਾਲ ਬਾਬਾ ਦੀਪ ਸਿੰਘ ਜੀ ਨੇ ਵੀ ਭਰਪੂਰ ਸਹਿਯੋਗ ਦਿੱਤਾ। ਬਾਬਾ ਜੀ ਤੋਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਵਾਉਣ ਦੀ ਸੇਵਾ ਲਈ ਗਈ। ਬਾਬਾ ਦੀਪ ਸਿੰਘ ਨੇ ਸ਼੍ਰੀ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕਰਕੇ ਚਾਰੇ ਤਖਤਾਂ ਨੂੰ ਭੇਜੇ। ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ਼੍ਰੀ ਗੁਰੂ ਗੋਬਿੰਦ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ। ਇਸ ਜ਼ਿੰਮੇਵਾਰੀ ਨੂੰ ਬਾਬਾ ਦੀਪ ਸਿੰਘ ਬੜੀ ਹੀ ਤਨਦੇਹੀ ਨਾਲ ਨਿਭਾਉਂਦੇ ਰਹੇ।

1709 ਈ. ਵਿਚ ਜਦੋਂ ਬੰਦਾ ਸਿੰਘ ਬਹਾਦਰ ਨੇ ਜ਼ਾਲਮਾਂ ਦੀਆਂ ਧੱਕੇਸ਼ਾਹੀਆਂ ਨੂੰ ਨੇਸਤਨਾਬੂਦ ਕਰਨ ਲਈ ਪੰਜਾਬ ਨੂੰ ਮੁਹਾਰਾਂ ਮੋੜੀਆਂ ਤਾਂ ਬਾਬਾ ਦੀਪ ਸਿੰਘ ਨੇ ਸੈਂਕੜੇ ਮਰਜੀਵੜਿਆਂ ਦੀ ਫ਼ੌਜ ਲੈ ਕੇ ਉਹਨਾਂ ਦਾ ਡੱਟਵਾਂ ਸਾਥ ਦਿੱਤਾ। ਇਸ ਸਾਥ ਸਦਕਾ ਹੀ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਦੱਸਣਯੋਗ ਹੈ ਕਿ ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਜੱਥੇਦਾਰ ਵੀ ਸਨ।ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਕਈ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੌਰਾਨ ਉਸ ਦੀਆਂ ਫ਼ੌਜਾਂ ਦਾ ਜੇਕਰ ਕੋਈ ਰਾਹ ਰੋਕਦਾ ਸੀ ਤਾਂ ਉਹ ਸੀ ਗੁਰੂ ਦੇ ਸਿੱਖ। ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਉਸ ਨੇ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ ਅਤੇ ਉਸ ਦੇ ਸਹਿਯੋਗ ਲਈ ਇਕ ਜ਼ਾਲਮ ਸੁਭਾਅ ਦੇ ਸੈਨਾਪਤੀ ਜਹਾਨ ਖਾਂ ਨੂੰ ਨਿਯੁਕਤ ਕਰ ਦਿੱਤਾ। ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਸ਼੍ਰੀ ਦਰਬਾਰ ਸਾਹਿਬ ਮੌਜੂਦ ਹਨ, ਉਦੋਂ ਤੱਕ ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ।

ਕਿਉਂਕਿ ਇਨ੍ਹਾਂ ਦੋਹਾਂ ਸੋਮਿਆਂ ਤੋਂ ਉਹਨਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1757 ਈ. ਵਿਚ ਜਹਾਨ ਖਾਂ ਅਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਕੇ ਪਵਿੱਤਰ ਸਰੋਵਰ ਨੂੰ ਪੂਰਨ ਲੱਗ ਪਿਆ। ਜਹਾਨ ਖਾਂ ਦੀ ਇਸ ਵਧੀਕੀ ਦੀ ਖਬਰ ਜੱਥੇਦਾਰ ਭਾਗ ਸਿੰਘ ਨੇ ਜਦੋਂ ਤਲਵੰਡੀ ਸਾਬੋ ਬਾਬਾ ਦੀਪ ਸਿੰਘ ਨੂੰ ਦਿੱਤੀ ਤਾਂ ਉਨ੍ਹਾਂ ਦਾ ਖੂਨ ਉਬਾਲੇ ਖਾਣ ਲੱਗਾ। ਅਰਦਾਸਾਂ ਸੋਧ ਕੇ ਬਾਬਾ ਜੀ ਨੇ 18 ਸੇਰ ਦਾ ਖੰਡਾ ਚੁੱਕ ਲਿਆ ਅਤੇ ਸ਼੍ਰੀ ਅਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ।

ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨ੍ਹਾਂ ਨਾਲ ਗਿਣਤੀ ਦੇ ਹੀ ਸਿੰਘ ਸਨ, ਪਰ ਚੱਲਦਿਆਂ-ਚੱਲਦਿਆਂ ਕਾਫ਼ਲਾ ਵਧਦਾ ਗਿਆ। ਬਾਬਾ ਜੀ ਨੇ ਸਿੰਘਾਂ ਨੂੰ ਇਸ ਢੰਗ ਨਾਲ ਪ੍ਰੇਰਿਆ ਕਿ ਤਰਨਤਾਰਨ ਤੱਕ ਪਹੁੰਚਦੇ ਪਹੁੰਚਦੇ ਗਿਣਤੀ ਸੈਂਕੜਿਆਂ ਤੋਂ ਹਜ਼ਾਰਾਂ ਤੱਕ ਪਹੁੰਚ ਗਈ। ਇੱਥੇ ਆ ਕੇ ਬਾਬਾ ਜੀ ਨੇ ਆਪਣੇ ਪਿੰਡ ਖੰਡੇ ਨਾਲ ਇਕ ਲਕੀਰ ਵਾਹੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹੀ ਇਸ ਲਕੀਰ ਨੂੰ ਪਾਰ ਕਰੇ ਅਤੇ ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਦੂਜੇ ਪਾਸੇ ਜਹਾਨ ਖਾਂ ਨੂੰ ਜਦੋਂ ਬਾਬਾ ਜੀ ਦੀ ਅਮ੍ਰਿਤਸਰ ਵੱਲ ਆਉਣ ਦੀ ਖਬਰ ਮਿਲੀ ਤਾਂ ਉਸ ਨੇ ਆਪਣੇ ਇਕ ਜਰਨੈਲ ਅਤਾਈ ਖਾਂ ਦੀ ਅਗਵਾਈ ਵਿੱਚ ਫੌਜ ਦੀ ਵੱਡੀ ਟੁਕੜੀ ਸਿੰਘਾਂ ਦਾ ਰਾਹ ਰੋਕਣ ਲਈ ਭੇਜ ਦਿੱਤੀ। ਗੋਹਲਵੜ ਦੇ ਸਥਾਨ 'ਤੇ ਲਹੂ ਡੋਲ੍ਹਵੀਂ ਲੜਾਈ ਹੋਈ। ਸਿੰਘਾਂ ਦੇ ਜੈਕਾਰਿਆਂ ਨਾਲ ਆਸਮਾਨ ਗੂੰਜ ਉੱਠਿਆ ਅਤੇ ਸਿੰਘਾਂ ਦੇ ਜ਼ੋਰ ਅੱਗੇ ਅਫ਼ਗਾਨੀ ਫ਼ੌਜਾਂ ਦੇ ਹੌਸਲੇ ਪਸਤ ਹੋ ਗਏ ਅਤੇ ਉਹ ਪਿੱਛੇ ਹੱਟਣ ਲੱਗੀਆਂ।

ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਬਾਬਾ ਜੀ ਨਾਲ ਮੁਕਾਬਲੇ 'ਤੇ ਆ ਗਏ। ਯਕੂਬ ਖਾਂ ਤੇ ਬਾਬਾ ਜੀ ਵਿਚਕਾਰ ਦੁਵੱਲੀ ਜੰਗ ਪੂਰੇ ਜੋਸ਼-ਓ-ਖਰੋਸ਼ ਨਾਲ ਹੋਈ ਪਰ ਯਕੂਬ ਖਾਂ ਬਾਬਾ ਜੀ ਦੇ ਵਾਰ ਦੀ ਤਾਬ ਨਾ ਸਹਿ ਸਕਿਆ। ਯਕੂਬ ਖਾਂ ਨੂੰ ਡਿੱਗਦਾ ਵੇਖ ਕੇ ਅਮਾਨ ਖਾਂ ਮੈਦਾਨ ਵਿਚ ਆ ਡੱਟਿਆ। ਦੋਹਾਂ ਦੇ ਸਾਂਝੇ ਵਾਰ ਨਾਲ ਅਮਾਨ ਖਾਂ ਥਾਏਂ ਢੇਰੀ ਹੋ ਗਿਆ ਅਤੇ ਬਾਬਾ ਜੀ



ਦਾ ਸੀਸ ਵੀ ਧੜ ਨਾਲੋਂ ਵੱਖ ਹੋ ਗਿਆ। ਬਾਬਾ ਜੀ ਨਾਲ ਜੂਝਦੇ ਇਕ ਸਿੰਘ ਨੇ ਜਦੋਂ ਬਾਬਾ ਜੀ ਨੂੰ ਆਪਣਾ ਕੀਤਾ ਹੋਇਆ ਪ੍ਰਣ ਯਾਦ ਕਰਵਾਇਆ ਤਾਂ ਬਾਬਾ ਦੀਪ ਸਿੰਘ ਨੇ ਆਪਣੇ ਸੀਸ ਨੂੰ ਖੱਬੇ ਹੱਥ ਦਾ ਸਹਾਰਾ ਦੇ ਕੇ ਦੁਸ਼ਮਣ ਦੀ ਫ਼ੌਜ ਤੇ ਆਹੂ ਲਾਹ ਦਿੱਤੇ। ਆਪਣਾ ਸੀਸ ਹਰਿੰਮਦਰ ਸਾਹਿਬ ਦੀ ਪਰਿਕਰਮਾ ਵਿੱਚ ਭੇਟ ਕਰਕੇ ਆਪਣਾ ਪ੍ਰਣ ਨਿਭਾਇਆ ਅਤੇ  ਨਵੰਬਰ 1757 ਈ. ਨੂੰ ਸ਼ਹੀਦੀ ਪਾ ਗਏ।

# ਸੜਕ ਹਾਦਸਿਆਂ 'ਚ ਭਾਰਤ ਮੋਹਰੀ

ਇਸ ਨੂੰ ਕੌੜਾ ਸੱਚ ਕਹੀਏ ਜਾਂ ਵਾਰ-ਵਾਰ ਦੁਹਰਾਇਆ ਜਾਣ ਵਾਲਾ ਸੱਚ ਕਿ ਭਾਰਤ 'ਚ ਅਸੁਭਾਵਿਕ ਮੌਤਾਂ ਦੇ ਮਾਮਲਿਆਂ 'ਚ ਸਭ ਤੋਂ ਵੱਧ ਮੌਤਾਂ ਸੜਕ ਹਾਦਸਿਆਂ 'ਚ ਹੁੰਦੀਆਂ ਹਨ। ਯੁੱਧ, ਹੱਤਿਆ ਤੇ ਦੰਗਿਆਂ ਜਿਹੇ ਤਮਾਮ ਮਨੁੱਖ ਵੱਲਇਸ ਨੂੰ ਕੌੜਾ ਸੱਚ ਕਹੀਏ ਜਾਂ ਵਾਰ-ਵਾਰ ਦੁਹਰਾਇਆ ਜਾਣ ਵਾਲਾ ਸੱਚ ਕਿ ਭਾਰਤ 'ਚ ਅਸੁਭਾਵਿਕ ਮੌਤਾਂ ਦੇ ਮਾਮਲਿਆਂ 'ਚ ਸਭ ਤੋਂ ਵੱਧ ਮੌਤਾਂ ਸੜਕ ਹਾਦਸਿਆਂ 'ਚ ਹੁੰਦੀਆਂ ਹਨ। ਯੁੱਧ, ਹੱਤਿਆ ਤੇ ਦੰਗਿਆਂ ਜਿਹੇ ਤਮਾਮ ਮਨੁੱਖ ਵੱਲੋਂ ਪੈਦਾ ਕਾਰਕਾਂ ਤੋਂ ਇਲਾਵਾ ਕੁਦਰਤੀ ਆਫ਼ਤਾਂ ਕਾਰਨ ਦੇਸ਼ 'ਚ ਕੁੱਲ ਜਿੰਨੀਆਂ ਮੌਤਾਂ ਹੁੰਦੀਆਂ ਹਨ, ਉਨ੍ਹਾਂ 'ਚ ਸਭ ਤੋਂ ਵੱਧ ਲੋਕ ਸੜਕ ਹਾਦਸਿਆਂ 'ਚ ਮਾਰੇ ਜਾਂਦੇ ਹਨ। ਅਜਿਹਾ ਉਸ ਸਮੇਂ ਹੋ ਰਿਹਾ ਹੈ ਜਦੋਂ ਭਾਰਤ 'ਚ ਦੁਨੀਆ ਭਰ ਦੇ ਵਾਹਨਾਂ ਦੀ ਕੁੱਲ ਗਿਣਤੀ ਦੇ ਮਹਿਜ਼ ਇਕ ਫ਼ੀਸਦੀ ਵਾਹਨ ਹੀ ਹਨ ਜਦਕਿ ਦੁਨੀਆ ਭਰ 'ਚ ਸੜਕ ਹਾਦਸਿਆਂ 'ਚ ਹੋਣ ਵਾਲੀਆਂ 11 ਫ਼ੀਸਦੀ ਮੌਤਾਂ ਭਾਰਤ 'ਚ ਹੁੰਦੀਆਂ ਹਨ। ਦੁਨੀਆ ਭਰ 'ਚ ਹੋਣ ਵਾਲੇ ਸੜਕ ਹਾਦਸਿਆਂ 'ਚ ਅਸੀਂ ਤੀਜੇ ਸਥਾਨ 'ਤੇ ਹਾਂ ਤਾਂ ਜਾਨਲੇਵਾ ਸੜਕ ਹਾਦਸਿਆਂ 'ਚ ਅੱਵਲ ਆਉਣ ਦਾ ਕਲੰਕ ਵੀ ਸਾਡੇ ਮੱਥੇ 'ਤੇ ਹੈ।ਸਰਕਾਰ ਨੇ ਸੜਕ ਸੁਰੱਖਿਆ ਵਧਾਉਣ ਲਈ ਪ੍ਰਤੀਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਮੋਟਰ ਵਾਹਨ ਐਕਟ 'ਚ ਕਾਨੂੰਨੀ ਤਬਦੀਲੀਆਂ ਕੀਤੀਆਂ ਗਈਆਂ ਹਨ। ਇਨ੍ਹਾਂ 'ਚ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਪਹਿਲਾਂ ਤੋਂ ਜ਼ਿਆਦਾ ਸਜ਼ਾ ਤੇ ਹਰਜਾਨੇ ਦੀ ਤਜਵੀਜ਼ ਕੀਤੀ ਗਈ ਹੈ। ਉੱਥੇ ਹੀ ਰਾਹਤ ਅਤੇ ਬਚਾਅ ਦੇ ਕੰਮਾਂ 'ਚ ਤਤਪਰਤਾ ਦਿਖਾਉਣ ਵਾਲੇ ਲੋਕਾਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਇਹ ਸਵਾਗਤਯੋਗ ਕਦਮ ਹੈ। ਅਫ਼ਸੋਸ ਕਿ ਜ਼ਮੀਨੀ ਪੱਧਰ 'ਤੇ ਠੋਸ ਸੁਧਾਰ ਕੀਤੇ ਜਾਣੇ ਹਾਲੇ ਬਾਕੀ ਹਨ।

# ਖੰਘ ਦੀ ਦਵਾਈ ਨਾਲ ਜੰਮੂ 'ਚ 10 ਬੱਚੇ ਮਰੇ

ਨਵੀਂ ਦਿੱਲੀ- ਭਾਰਤੀ ਸੁਪਰੀਮ ਕੋਰਟ ਵਿੱਚ ਦਾਇਰ ਇੱਕ ਪਟੀਸ਼ਨ ਵਿੱਚ ਖੁਲਾਸਾ ਹੋਇਆ ਹੈ ਕਿ ਜੰਮੂ ਖੇਤਰ ਦੇ ਊਧਮਪੁਰ ਜ਼ਿਲ੍ਹੇ ਵਿੱਚ ਭਾਰਤ ਵਿੱਚ ਬਣੀ ਖੰਘ ਦੀ ਨਕਲੀ ਦਵਾਈ ਸੇਵਨ ਕਾਰਨ ਘੱਟੋ-ਘੱਟ 10 ਬੱਚਿਆਂ ਦੀ ਮੌਤ ਹੋ ਗਈ ਹੈ। ਇਹ ਉਹੀ ਦਵਾਈ ਹੈ ਜਿਸ ਨੇ ਇੰਡੋਨੇਸ਼ੀਆ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਸੈਂਕੜੇ ਲੋਕਾਂ ਦੀ ਜਾਨ ਲੈ ਲਈ ਹੈ।ਊਧਮਪੁਰ ਜ਼ਿਲ੍ਹੇ ਵਿੱਚ ਖੰਘ ਦੀ ਦਵਾਈ ਪੀਣ ਕਾਰਨ ਮਰਨ ਵਾਲੇ 10 ਬੱਚਿਆਂ ਦੇ ਰਿਸ਼ਤੇਦਾਰਾਂ ਨੂੰ 3-3 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੇ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਹੁਕਮ ਵਿਰੁੱਧ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਸੀ। ਹਾਲਾਂਕਿ ਅਦਾਲਤ ਨੇ ਮੁਆਵਜ਼ੇ ਦੇ ਖਿਲਾਫ ਅਪੀਲ ਨੂੰ ਖਾਰਜ ਕਰ ਦਿੱਤਾ ਹੈ।

Rai
EXPRESS LINES LTD.



Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8




THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ



# ਔਰਤਾਂ ਦੇ ਜਣਨ ਅੰਗਾਂ ਸੰਬੰਧੀ ਰੋਗ ਅਤੇ ਹੋਮਿਓਪੈਥੀ

ਔਰਤਾਂ ਦੇ ਜਣਨ ਅੰਗਾਂ ਸੰਬੰਧੀ ਅਨੇਕਾਂ ਰੋਗ ਹਨ ਪਰ ਇੱਥੇ ਸਿਰਫ਼ ਉਨ੍ਹਾਂ ਰੋਗਾਂ ਦਾ ਖੁਲਾਸਾ ਕੀਤਾ ਜਾਵੇਗਾ ਜਿਨ੍ਹਾਂ ਦਾ ਸਾਹਮਣਾ ਔਰਤਾਂ ਨੂੰ ਆਮ ਤੌਰ 'ਤੇ ਜੀਵਨ ਦੇ ਕਿਸੇ ਨਾ ਕਿਸੇ ਪੜਾਅ 'ਤੇ ਕਰਨਾ ਪੈਂਦਾ ਹੈ।

1.ਬਾਂਝਪਣ (ਸਟਰਿਲਟੀ): ਕਿਸੇ ਪ੍ਰਚਲਤ ਗਰਭ-ਨਿਰੋਧਕ ਸਾਧਨ ਅਪਣਾਏ ਬਗ਼ੈਰ ਵੀ ਜੇ ਗਰਭ ਨਾ ਠਹਿਰਦਾ ਹੋਵੇ ਤਾਂ ਬਾਂਝਪਣ ਦੀ ਹਾਲਤ ਹੋ ਸਕਦੀ ਹੈ। ਬਾਂਝਪਣ ਜਣਨ ਅੰਗਾਂ ਵਿੱਚੋਂ ਕਿਸੇ ਖ਼ਰਾਬੀ ਕਾਰਣ ਹੋ ਸਕਦਾ ਹੈ। ਕਈ ਔਰਤਾਂ ਇੱਕ ਵਾਰੀ ਤਾਂ ਗਰਭ ਧਾਰਨ ਕਰ ਲੈਂਦੀਆਂ ਹਨ ਪਰ ਦੂਜੀ ਵਾਰੀ ਉਹ ਅਜਿਹਾ ਨਹੀਂ ਕਰ ਸਕਦੀਆਂ। ਕਈ ਵਾਰੀ ਬਚਪਨ ਵਿੱਚ ਪ੍ਰੋਟੀਨ ਦੀ ਘਾਟ ਕਾਰਣ ਜਣਨ ਅੰਗਾਂ ਦਾ ਪੂਰਾ ਵਿਕਾਸ ਨਹੀਂ ਹੋਇਆ ਹੁੰਦਾ। ਕਈ ਔਰਤਾਂ ਜਿਨ੍ਹਾਂ ਨੂੰ ਅਨਿਯਮਿਤ ਮਾਹਵਾਰੀ ਆਉਂਦੀ ਹੈ, ਉਨ੍ਹਾਂ ਦੀਆਂ ਗ੍ਰੰਥੀਆਂ ਪੂਰੀ ਮਾਤਰਾ ਵਿੱਚ ਹਾਰਮੋਨ ਨਹੀਂ ਬਣਾਉਂਦੀਆਂ ਜਿਸ ਕਾਰਣ ਗਰਭ ਧਾਰਨ ਕਰਨ ਵਿੱਚ ਸਮੱਸਿਆ ਆਉਂਦੀ ਹੈ। ਕਈ ਔਰਤਾਂ ਦੇ ਜਣਨ ਅੰਗਾਂ ਵਿੱਚ ਕੋਈ ਹੋਰ ਖ਼ਰਾਬੀ ਨਹੀਂ ਹੁੰਦੀ ਪਰ ਉਨ੍ਹਾਂ ਦੀ ਓਵਰੀਜ਼ ਵਿੱਚ ਅੰਡਾ ਪਕ ਕੇ ਰੀਲੀਜ਼ ਨਹੀਂ ਹੁੰਦਾ। ਜੇਕਰ ਅੰਡਾ ਵੀ ਸਮੇਂ ਸਿਰ ਅਤੇ ਪਕ ਕੇ ਰੀਲੀਜ਼ ਹੋ ਜਾਵੇ ਅਤੇ ਫ਼ੈਲੋਪੀਅਨ ਟਿਊਬਾਂ ਵਿੱਚ ਕੋਈ ਖ਼ਰਾਬੀ, ਸੋਜਿਸ਼ ਜਾਂ ਰੁਕਾਵਟ ਹੋਵੇ ਤਾਂ ਵੀ "ਓਵਾ" ਅਤੇ "ਸਪਰਮ" ਦਾ ਆਪਸੀ ਮੇਲ ਨਹੀਂ ਹੋ ਸਕਦਾ ਜਿਸ ਕਾਰਣ ਗਰਭ ਠਹਿਰਨਾ ਮੁਸ਼ਕਲ ਹੁੰਦਾ ਹੈ। ਕਈ ਕੇਸਾਂ ਵਿੱਚ ਸੁਜਾਕ (ਗਨੌਰੀਆ) ਰੋਗ ਕਰਕੇ ਵੀ ਗਰਭ ਨਹੀਂ ਠਹਿਰਦਾ। ਜੇਕਰ ਜਣਨ ਅੰਗਾਂ ਵਿੱਚ ਕੋਈ ਵਿਗਾੜ ਜਾਂ ਰੋਗ ਨਾ ਹੋਵੇ ਤਾਂ ਹੋ ਸਕਦਾ ਹੈ ਕਿ ਪਤੀ-ਪਤਨੀ ਦਾ ਮਿਲਾਪ ਉਨ੍ਹਾਂ ਦਿਨਾਂ ਵਿੱਚ ਨਾ ਹੁੰਦਾ ਹੋਵੇ ਜਿਹੜੇ ਸਮੇਂ ਦੌਰਾਨ ਓਵਰੀਜ਼ ਵਿੱਚੋਂ ਅੰਡਾ ਪੱਕ ਕੇ ਨਿਕਲਦਾ ਹੈ। ਸਿੱਧਾ ਜਿਹਾ ਨਿਯਮ ਹੈ ਕਿ ਪੱਕਿਆ ਹੋਇਆ ਅੰਡਾ ਅਗਲੀ ਮਾਹਵਾਰੀ ਤੋਂ 14 ਦਿਨ ਪਹਿਲਾਂ ਦੋਹਾਂ ਵਿੱਚੋਂ ਕਿਸੇ ਇੱਕ ਫ਼ਿਲੋਪੀਅਨ ਟਿਊਬ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਲਈ ਸੰਤਾਨ ਪ੍ਰਾਪਤੀ ਲਈ ਇਸ ਸਮੇਂ ਦੌਰਾਨ ਦੰਪਤੀ ਦਾ ਮਿਲਾਪ ਜ਼ਰੂਰੀ ਹੁੰਦਾ ਹੈ ਵਰਨਾ ਪੱਕਿਆ ਅੰਡਾ ਵਿਅਰਥ ਚਲਾ ਜਾਂਦਾ ਹੈ। ਸੰਤਨ ਦੀ ਚਿੰਤਾ, ਸੰਤਾਨ ਪਾਉਣ ਦੀ ਵਧੇਰੇ ਚਾਹਨਾ, ਕਈ ਪ੍ਰਕਾਰ ਦੀ ਚਿੰਤਾ ਜਾਂ ਡਰ, ਮਾਨਸਿਕ ਤਣਾਓ, ਮੋਟਾਪਾ, ਖ਼ੂਨ ਦੀ ਕਮੀ ਜਾਂ ਪੁਰਸ਼ ਦੇ ਸ਼ੁਕਰਾਣੂ ਦੀ ਮਾਤਰਾ ਅਤੇ ਗੁਣਵੱਤਾ ਵਿੱਚ ਦੋਸ਼ ਆਦਿ ਵੀ ਬਾਂਝਪਣ ਦੇ ਕਾਰਣ ਬਣ ਸਕਦੇ ਹਨ। ਗਰਭਪਾਤ ਕਰਵਾਉਣ ਨਾਲ ਵੀ ਕਈ ਕੇਸਾਂ ਵਿੱਚ ਬਾਂਝਪਣ ਹੋ ਸਕਦਾ ਹੈ। ਮਾਹਰ ਡਾਕਟਰ ਦੀ ਸਲਾਹ ਤੋਂ ਬਗ਼ੈਰ ਵਧੇਰੇ ਗਰਭ ਨਿਰੋਧਕ ਗੋਲ਼ੀਆਂ (ਬਰਥ ਕੰਟ੍ਰੋਲ ਪਿੱਲਜ਼) ਦੀ ਵਰਤੋਂ ਵੀ ਸੰਤਾਬ ਉਤਪੱਤੀ ਵਿੱਚ ਅੜਚਣ ਪੈਦਾ ਕਰ ਸਕਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਲੋੜ ਨਾਲੋਂ ਵੱਧ ਗਰਭ ਨਿਰੋਧਕ ਗੋਲੀਆਂ ਖਾਣ ਨਾਲ ਹੋਈ ਸਮੱਸਿਆ ਵਿੱਚ ਹੋਮਿਓਪੈਥਿਕ ਦਵਾਈਆਂ ਨਾਲ ਸਹਾਇਤਾ ਹੋ ਸਕਦੀ ਹੈ। ਸੰਤਾਨ ਦੇ ਚਾਹਵਾਨ ਜੋੜਿਆਂ ਨੂੰ ਆਸਵੰਦ ਹੋ ਕੇ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ। ਚੜ੍ਹਦੀ ਕਲਾ ਵਿੱਚ ਰਹਿਣ ਦਾ ਇਲਾਜ ਦੀ ਅਸਰਦਾਇਕਤਾ ਨਾਲ ਸਿੱਧਾ ਸੰਬੰਧ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

2.ਸੁਭਾਵਕ ਗਰਭਪਾਤ (ਮਿਸਕੈਰੇਜ - ਸਪੌਨਟੇਨੀਅਸ ਅਬੌਰਸ਼ਨ) : ਕਈ ਔਰਤਾਂ ਨੂੰ ਆਪਣੇ ਆਪ ਹੀ ਗਰਭਪਾਤ ਹੋ ਜਾਂਦਾ ਹੈ। ਕਈ ਕੇਸਾਂ ਵਿੱਚ ਅਜਿਹੇ ਗਰਭਪਾਤ ਦਾ ਪਤਾ ਵੀ ਨਹੀਂ ਚਲਦਾ। ਗਰਭ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਕਈ ਵਾਰੀ ਜ਼ਿਆਦਾ ਖ਼ੂਨ ਜਾਣ ਨਾਲ ਵੀ ਗਰਭਪਾਤ ਹੋ ਸਕਦਾ ਹੈ। ਸੁਭਾਵਕ ਗਰਭਪਾਤ ਦਾ ਕੋਈ ਇੱਕ ਕਾਰਣ ਨਹੀਂ ਹੁੰਦਾ। ਮਾਹਰ ਡਾਕਟਰ ਦੀ ਸਲਾਹ ਤੋਂ ਬਿਨਾ ਕਾਫ਼ੀ ਮਾਤਰਾ ਵਿੱਚ ਤੇਜ਼ ਅਦਰ ਵਾਲੀਆਂ ਦਵਾਈਆਂ ਖਾਣ, ਤੇਜ਼ ਬੁਖ਼ਾਰ, ਪੇਟ ਉੱਪਰ ਸੱਟ ਲੱਗਣ, ਵਾਰ-ਵਾਰ ਐਕਸ-ਰੇਅ ਕਿਰਣਾਂ ਦੇ ਪ੍ਰਭਾਵ ਹੇਠ ਆਉਣਾ, ਗ੍ਰੰਥੀਆਂ ਵਿੱਚ ਵਿਗਾੜ, ਬੱਚੇਦਾਨੀ ਵਿੱਚ ਜਾਂ ਇਸ ਦੇ ਆਸ-ਪਾਸ ਰਸੌਲੀਆਂ ਹੋਣ ਅਤੇ ਯੋਨੀ ਵਿੱਚ ਕਈ ਔਜ਼ਾਰ ਪਾ ਕੇ ਵਾਰ-ਵਾਰ ਪਰੀਖਣ ਕਰਨ ਨਾਲ ਵੀ ਗਰਭਪਾਤ ਹੋ ਸਕਦਾ ਹੈ। ਮਾਹਰ ਡਾਕਟਰਾਂ ਦੀ ਇਹ ਰਾਇ ਵੀ ਹੈ ਕਿ ਜਿਨ੍ਹਾਂ ਗਰਭਵਤੀ ਔਰਤਾਂ ਨੂੰ ਵੱਧ ਬਲੱਡ ਪ੍ਰੈਸ਼ਰ, ਗੁਰਦਿਆਂ ਦਾ ਕੋਈ ਰੋਗ, ਸ਼ੁਗਰ, ਦਿਲ ਜਾਂ ਫੇਫੜਿਆਂ ਦੀ ਕੋਈ ਸਮੱਸਿਆ - ਜਿਸ ਕਰਕੇ ਗਰਭ ਵਿੱਚ ਪਲ ਰਹੇ ਬੱਚੇ ਨੂੰ ਪੂਰੀ ਆਕਸੀਜਨ ਨਾ ਮਿਲਦੀ ਹੋਵੇ - ਦੇ ਕਾਰਣ ਵੀ ਗਰਭਪਾਤ ਹੋ ਸਕਦਾ ਹੈ। ਕਈ ਔਰਤਾਂ ਨੂੰ ਤਿੰਨ-ਚਾਰ ਵਾਰ ਸੁਭਾਵਕ ਗਰਭਪਾਤ ਹੋ ਜਾਂਦਾ ਹੈ। ਅਜਿਹਾ ਹਾਰਮੋਨ ਦੀ ਕਮੀ ਜਾਂ ਅਸਮਾਨਤਾ, ਖ਼ਾਸ ਕਰਕੇ ਥਾਇਰੌਇਡ ਗ੍ਰੰਥੀ ਦੁਆਰਾ ਆਪਣਾ ਕੰਮ ਠੀਕ ਨਾ ਕਰਨ ਕਾਰਣ ਹੁੰਦਾ ਹੈ। ਬਾਰ-ਬਾਰ ਹੋਣ ਵਾਲੇ ਸੁਭਾਵੀ ਗਰਭਪਾਤ ਦੇ ਕੇਸਾਂ ਵਿੱਚ ਪੀੜਤ ਔਰਤ ਦੇ ਮਨ ਵਿੱਚ ਇੱਕ ਡਰ ਬੈਠ ਜਾਂਦਾ ਹੈ ਕਿ ਇਸ ਵਾਰੀ ਦੀ ਗਰਭ ਧਾਰਣ ਨਾਲ ਵੀ ਮੈਨੂੰ ਉਸ ਤਰ੍ਹਾਂ ਨਾ ਹੋ ਜਾਵੇ। ਕਈਆਂ ਨੂੰ ਬਾਰ-ਬਾਰ ਗਰਭਪਾਤ ਹੋਣ ਨਾਲ ਮਾਨਸਿਕ ਪੱਧਰ ਉੱਤੇ ਕਈ ਤਰ੍ਹਾਂ ਦੇ ਅਣਸੁਖਾਵੇਂ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਿਸ਼ਤੇਦਾਰਾਂ ਅਤੇ ਪਰਿਵਾਰਕ ਮੈਂਬਰਾਂ ਦੀ ਅਨਪੜ੍ਹਤਾ ਵਿੱਚੋਂ ਉਪਜੀ ਅਗਿਆਨਤਾ ਵਜੋਂ ਕਈ ਕੇਸਾਂ ਵਿੱਚ ਮਾਹਰ ਸਲਾਹ ਲੈਣ ਦੀ ਥਾਂ ਅਖੌਤੀ ਬਾਬਿਆਂ ਕੋਲ ਜਾ ਕੇ ਪਖੰਡ ਜਾਂ ਝਾੜ-ਫੂੰਕ ਦਾ ਸਹਾਰਾ ਲਿਆ ਜਾਂਦਾ ਹੈ। ਜਿਹੜੀ ਮੈਡੀਕਲ ਸਮੱਸਿਆ ਮਾਹਰ ਡਾਕਟਰ ਠੀਕ ਕਰਨ ਦੀ ਸਮਰੱਥਾ ਰੱਖਦੇ ਹਨ ਉਸ ਨੂੰ ਇਸ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਅਜਿਹੇ ਕੇਸਾਂ ਤੋਂ ਪੀੜਤਾਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਸਮਰੱਥ ਪੇਸ਼ਾਵਰ ਸਿਹਤ ਪ੍ਰਦਾਨਕਰਤਾ ਦੀ ਸੇਵਾਵਾਂ ਦਾ ਹੀ ਲਾਭ ਲਿਆ ਜਾਵੇ। ਬਾਰ-ਬਾਰ ਹੋਣ ਵਾਲੇ ਸੁਭਾਵਕ ਗਰਭਪਾਤ ਵਿੱਚ ਹੋਮਿਓਪੈਥਿਕ ਦਵਾਈਆਂ ਰਾਹੀਂ ਮਦਦ ਹੋ ਸਕਦੀ ਹੈ। ਅਸੀਂ ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇੰਕ. ਵਿਖੇ ਅਸੀਂ ਮਾਨਸਿਕ, ਜਜ਼ਬਾਤੀ ਲੱਛਣਾਂ ਦਾ ਸਰੀਰਕ ਬਿਮਾਰੀ ਨਾਲ ਤਾਲਮੇਲ ਕਰਦੇ ਹੋਏ ਹੋਮਿਓਪੈਥਿਕ ਸਿਧਾਂਤਾਂ ਅਨੁਸਾਰ "ਕਾਂਸਟੀਚਿਊਸ਼ਨਲ ਹੋਮਿਓਪੈਥਿਕ ਦਵਾਈ" ਦੀ ਚੋਣ ਕਰਦੇ ਹਾਂ। ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇਨਕਾਰਪੋਰੇਸ਼ਨ ਵਿਖੇ ਪੀੜਤ ਔਰਤ ਲਈ ਕਾਂਸਟੀਚਿਊਸ਼ਨਲ ਦਵਾਈ ਦੀ ਚੋਣ ਕਰਦੇ ਹਾਂ।

ਨਸ਼ਿਆਂ ਤੋਂ ਛੁਟਕਾਰਾ ਪਾਓ
night & day recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




Step-in and see our exclusive collections of Singapore, India, Pakistan and Custom-made 22K Jewellery

ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਦੁਕਾਨਦਾਰ, ''ਮੈਂ ਤੁਹਾਨੂੰ ਦੁਕਾਨ ਦੀ ਇੱਕ-ਇੱਕ ਚੱਪਲ ਦਿਖਾ ਦਿੱਤੀ ਹੈ, ਬਾਕੀ ਤਾਂ ਇੱਕ ਵੀ ਨਹੀਂ ਬਚੀ।''

ਔਰਤ, ''ਉਹ ਸਾਹਮਣੇ ਵਾਲੇ ਡੱਬੇ ਵਿੱਚ ਕੀ ਹੈ, ਦਿਖਾਇਓ ਜ਼ਰਾ?''

ਦੁਕਾਨਦਾਰ,''ਭੈਣ ਜੀ, ਰਹਿਮ ਕਰੋ, ਉਸ ਵਿੱਚ ਮੇਰਾ ਲੰਚ ਹੈ।''

*******

ਗਵਾਂਢੀ ਨੇ ਕਿਹਾ: ''ਡਾਕਟਰ ਸਾਹਿਬ, ਤੁਹਾਡਾ ਇਹ ਮਰੀਜ਼ ਠੀਕ ਹੋ ਰਿਹਾ ਹੈ, ਤੁਸੀਂ ਪ੍ਰੇਸ਼ਾਨ ਕਿਉਂ ਹੋ?''

ਡਾਕਟਰ, ''ਮੈਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਇਹ ਕਿਸ ਦਵਾਈ ਨਾਲ ਠੀਕ ਹੋਇਆ ਹੈ।''

*******

ਪਤੀ, ''ਤੂੰ ਮੈਨੂੰ ਗੱਲ-ਗੱਲ ਉੱਤੇ ਮਾਂ ਦੇ ਕੋਲ ਜਾਣ ਦੀ ਧਮਕੀ ਦਿੰਦੀ ਏਂ, ਇਹ ਕੋਈ ਚੰਗੀ ਗੱਲ ਹੈ?''

ਪਤਨੀ, ''ਠੀਕ ਹੈ, ਹੁਣ ਮੈਂ ਜਾਣ ਦਾ ਇਰਾਦਾ ਛੱਡ ਦਿੱਤਾ ਹੈ, ਮਾਂ ਨੂੰ ਇਥੇ ਬੁਲਾ ਲਵਾਂਗੀ।''

*******

ਸੰਜੂ ਆਟੋ ਵਿੱਚ ਸਫ਼ਰ ਕਰ ਰਿਹਾ ਸੀ..

ਆਟੋ ਵਾਲਾ, ''30 ਰੁਪਏ ਹੋਏ ਸਾਬ੍ਹ ਜੀ।''

ਸੰਜੂ ਨੇ ਉਸ ਨੂੰ 15 ਰੁਪਏ ਦਿੱਤੇ..

ਆਟੋ ਵਾਲਾ, ''ਇਹ ਤਾਂ ਅੱਧੇ ਹਨ ਸਾਬ੍ਹ ਜੀ?''

ਸੰਜੂ, ''ਹਾਂ, ਤੂੰ ਵੀ ਤਾਂ ਬੈਠ ਕੇ ਆਇਆ ਹੈ, ਬਾਕੀ ਅੱਧਾ ਕਿਰਾਇਆ ਤੂੰ ਦੇ।''

*******

ਜੱਜ (ਮੁਜ਼ਰਮ ਨੂੰ), ''ਤੂੰ ਸਮਾਜ ਲਈ ਕਿਹੜਾ ਭਲਾ ਕੰਮ ਕੀਤਾ ਹੈ?''

ਮੁਜ਼ਰਮ, ''ਸਾਬ੍ਹ, ਸਾਡੇ ਕਾਰਨ ਹੀ ਪੁਲਸ ਅਤੇ ਅਦਾਲਤ ਵਿੱਚ ਲੱਖਾਂ ਲੋਕਾਂ ਨੂੰ ਨੌਕਰੀ ਮਿਲੀ ਹੋਈ ਹੈ।''

*******

ਇੱਕ ਟੈਕਸੀ ਚਾਲਕ ਨੂੰ ਚੱਲਦੀ ਹੋਈ ਟੈਕਸੀ ਵਿੱਚ ਪਿੱਛੇ ਬੈਠੇ ਮੁਸਾਫਰ ਨੇ ਪਿੱਛੋਂ ਹੀ ਕੁਝ ਕਹਿਣ ਲਈ ਉਸ ਦੇ ਮੋਡੇ ਉੱਤੇ ਹੱਥ ਰੱਖਿਆ ਤਾਂ ਚਾਲਕ ਚੀਕਿਆ ਤੇ ਟੈਕਸੀ ਦਾ ਸੰਤੁਲਨ ਗਵਾ ਬੈਠਾ ਤੇ ਟੈਕਸੀ ਫੁਟਪਾਥ ਉੱਤੇ ਚੜ੍ਹ ਗਈ।

ਮੁਸਾਫ਼ਰ ਨੇ ਡਰਾਈਵਰ ਨੂੰ ਕਿਹਾ, ''ਮੈਨੂੰ ਨਹੀਂ ਪਤਾ ਸੀ ਕਿ ਮੇਰੇ ਹੱਥ ਲਾਉਣ ਨਾਲ ਤੁਹਾਡਾ ਧਿਆਨ ਭਟਕ ਜਾਵੇਗਾ।''

ਟੈਕਸੀ ਡਰਾਇਵਰ ਬੋਲਿਆ,''ਤੁਹਾਡੀ ਗਲਤੀ ਨਹੀਂ। ਟੈਕਸੀ ਚਲਾਉਣ ਦਾ ਅੱਜ ਮੇਰਾ ਪਹਿਲਾ ਦਿਨ ਹੈ। ਪਿਛਲੇ 24 ਸਾਲਾ ਤੋਂ ਮੈਂ ਮੁਰਦੇ ਢੋਣ ਵਾਲੀ ਗੱਡੀ ਚਲਾ ਰਿਹਾ ਸੀ।''

*******

ਸੋਨੂੰ, ''ਮੇਰੇ ਪਿਤਾ ਜੀ ਪਹਿਲਾਂ ਹੇਠਾਂ ਵਾਲੇ ਵਿਭਾਗ ਵਿੱਚ ਕੰਮ ਕਰਦੇ ਸਨ, ਅੱਜਕੱਲ੍ਹ ਉਹ ਉਪਰ ਬਾਲ ਵਿਭਾਗ ਵਿੱਚ ਕੰਮ ਕਰਦੇ ਹਨ।''

ਮੋਨੂੰ, ''ਵਾਹ, ਉਨ੍ਹਾਂ ਦਾ ਪ੍ਰਮੋਸ਼ਨ ਹੋ ਗਿਆ। ਉਹ ਪਹਿਲਾਂ ਕੀ ਕਰਦੇ ਸਨ ਅਤੇ ਅੱਜਕੱਲ੍ਹ ਕੀ ਕਰਦੇ ਹਨ?''

ਸੋਨੂੰ, ''ਪਹਿਲਾਂ ਉਹ ਬੂਟ ਪਾਲਿਸ਼ ਕਰਦੇ ਸਨ, ਅੱਜਕੱਲ੍ਹ ਤੇਲ ਮਾਲਿਸ਼ ਕਰਦੇ ਹਨ।''

*******

ਵੀਰੂ, ''ਮੈਂ ਆਪਣੇ ਜੀਵਨ ਤੋਂ ਬੇਜਾਰ ਹੋ ਗਿਆ ਹਾਂ। ਮੈਨੂੰ ਰਾਹਤ ਪੁਚਾਉਣ ਲਈ ਮੂੰਹੋਂ ਦੋ ਸ਼ਬਦ ਕਹਿ ਦਿਓ।''

ਵਿੱਕੀ, ''ਗੈਟ ਆਊਟ।''

*******

ਡਾਕਟਰ, ''ਮੈਂ ਤੁਹਾਡੇ ਪਤੀ ਦਾ ਇਲਾਜ ਨਹੀਂ ਕਰ ਸਕਦਾ, ਕਿਉਂਕਿ ਮੈਂ ਘੋੜਿਆਂ ਦਾ ਡਾਕਟਰ ਹਾਂ।''

ਪਤਨੀ, ''ਏਸੇ ਲਈ ਤੁਹਾਡੇ ਕੋਲ ਆਈ ਹਾਂ, ਕਿਉਂਕਿ ਉਹ ਨੀਂਦ ਵਿੱਚ ਲੱਤਾਂ ਮਾਰਦੇ ਹਨ।''

*******

ਪੰਮਾ, ''ਮੇਰੀ ਬਿੱਲੀ ਮਰ ਗਈ।''

ਸੋਨੂੰ, ''ਕੱਲ੍ਹ ਤੱਕ ਤਾਂ ਠੀਕ ਸੀ, ਅਚਾਨਕ ਕਿਵੇਂ ਮਰ ਗਈ?'' ਪੰਮਾ, ''ਮੈਂ ਉਸ ਨੂੰ ਨੁਹਾਇਆ ਅਤੇ ਨਿਚੋੜ ਕੇ ਰੱਸੀ 'ਤੇ ਸੁੱਕਣ ਲਈ ਟੰਗ ਦਿੱਤਾ। ਜਦੋਂ ਉਤਾਰਨ ਗਿਆ ਤਾਂ ਮਰੀ ਪਈ ਸੀ।''

*********

ਰਮਨ ਦੀ ਪਤਨੀ ਗੁਆਚ ਗਈ ਤਾਂ ਉਸ ਨੇ ਪਤਨੀ ਦੀ ਫੋਟੋ ਨਾਲ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ ਕਿ ਮੇਰੀ ਪਤਨੀ ਪਿਛਲੇ ਤਿੰਨ ਦਿਨਾਂ ਤੋਂ ਘਰ ਵਾਪਸ ਨਹੀਂ ਆਈ, ਜਿਸ ਕਾਰਨ ਮੈਂ ਬਹੁਤ ਖੁਸ਼ ਹਾਂ। ਜੇ ਕਿਸੇ ਨੇ ਉਸ ਨੂੰ ਲੱਭਣ ਜਾਂ ਘਰ ਵਾਪਸ ਭੇਜਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ।

*********

ਇੰਗਲਿਸ਼ ਟੀਚਰ (ਰਾਜਨ ਨੂੰ), ''ਇਸ ਵਾਕ ਨੂੰ ਅੰਗਰੇਜ਼ੀ ਵਿੱਚ ਟਰਾਂਸਲੇਟ ਕਰੋ: 'ਬਾਜ਼ਾਰ 'ਚ ਗੋਲੀਆਂ ਚੱਲ ਰਹੀਆਂ ਸਨ।''

ਰਾਜਨ ਕਾਫੀ ਦੇਰ ਸੋਚਦਾ ਰਿਹਾ। ਟੀਚਰ, ''ਕੁਝ ਤਾਂ ਬੋਲ। ਤੈਨੂੰ ਜੋ ਸਮਝ ਆ ਰਿਹਾ ਹੈ, ਉਹੋ ਬੋਲ ਦੇ।''

ਰਾਜਨ, ''ਟੈਬਲੇਟਸ ਵਰ ਵਾਕਿੰਗ ਇਨ ਦਿ ਮਾਰਕੀਟ।''

*********

ਗਰਲ ਫਰੈਂਡ, ''ਯਹ ਰਾਤ, ਯੇ ਹਵਾਏਂ, ਯਹ ਚਾਂਦਨੀ, ਯੇ ਘਟਾਏਂ, ਯੇ ਵਾਦੀਆਂ...''

ਬੁਆਏ ਫਰੈਂਡ, ''ਓ ਤੂੰ ਰੋਮਾਂਟਿਕ ਹੋ ਰਹੀ ਏਂ ਜਾਂ ਮੌਸਮ ਦੀ ਜਾਣਕਾਰੀ ਦੇ ਰਹੀ ਏਂ।''

*********

ਮੁਕੇਸ਼, ''ਯਾਰ, ਮੁਸੀਬਤ ਆਉਣ 'ਤੇ ਲੋਕ ਉਪਰ ਵਾਲੇ ਨੂੰ ਹੀ ਕਸੂਰਵਾਰ ਕਿਉਂ ਠਹਿਰਾਉਂਦੇ ਹਨ?''
ਸੁਨੀਲ, ''ਕਿਉਂਕਿ ਪਤਨੀ ਨੂੰ ਕਸੂਰਵਾਰ ਕਹਿਣ ਨਾਲ ਮੁਸੀਬਤ ਹੋਰ ਵੱਧ ਜਾਂਦੀ ਹੈ।''

*********

ਸੁਰੇਸ਼ ਆਪਣੀ ਗਰਲ ਫਰੈਂਡ ਨਾਲ ਪਾਰਕ ਵਿੱਚ ਬੈਠਾ ਸੀ। ਥੋੜ੍ਹੀ ਦੇਰ ਬਾਅਦ ਗਰਲ ਫਰੈਂਡ ਆਈਸ ਕਰੀਮ ਖਰੀਦਣ ਚਲੀ ਗਈ। ਮੌਕੇ ਦਾ ਫਾਇਦਾ ਉਠਾ ਕੇ ਸੁਰੇਸ਼ ਨੇ ਉਸ ਦੇ ਪਰਸ ਵਿੱਚੋਂ ਮੋਬਾਈਲ ਕੱਢਿਆ ਅਤੇ ਸੋਚਿਆ ਕਿ ਚਲੋ ਚੈਕ ਕਰਦਾ ਹਾਂ ਕਿ ਇਸ ਨੇ ਮੇਰਾ ਨੰਬਰ ਕਿਸ ਨਾਂਅ ਨਾਲ ਸੇਵਾ ਕੀਤਾ ਹੈ। ਜਦੋਂ ਸੁਰੇਸ਼ ਨੇ ਆਪਣਾ ਨੰਬਰ ਡਾਇਲ ਕੀਤਾ ਤਾਂ ਜਿਹੜਾ ਨਾਂਅ ਸਕਰੀਨ 'ਤੇ ਆਇਆ, ਉਸ ਨੂੰ ਦੇਖ ਕੇ ਵਿਚਾਰੇ ਦੇ ਹੋਸ਼ ਹੀ ਉੱਡ ਗਏ। ਲਿਖਿਆ ਸੀ: ਰੀਚਾਰਜ ਵਾਲੇ ਭਾਅ ਜੀ।

ਕਪਿਲ, ''ਕੀ ਤੂੰ ਮੇਰੇ ਨਾਲ ਵਿਆਹ ਕਰਾਏਂਗੀ?''

ਕੁੜੀ, ''ਤਮੀਜ਼ ਨਾਲ ਗੱਲ ਕਰ।''

ਕਪਿਲ, ''ਭੈਣ ਜੀ, ਕੀ ਤੁਸੀਂ ਮੇਰੇ ਨਾਲ ਵਿਆਹ ਕਰਨ ਦਾ ਕਸ਼ਟ ਕਰੋਗੇ?''

888

ਅਧਿਆਪਕ, ''ਦੱਸੋ ਬੱਚਿਓ, ਭਾਰਤ ਵਿੱਚ ਸਭ ਤੋਂ ਜ਼ਿਆਦਾ ਬਾਰਿਸ਼ ਕਿੱਥੇ ਡਿੱਗਦੀ ਹੈ?''

ਗੋਪੀ (ਬੜੀ ਦੇਰ ਸੋਚਣ ਤੋਂ ਬਾਅਦ), ''ਸਰ, ਜ਼ਮੀਨ 'ਤੇ।''

*********

ਅਨਵਰ, ''ਤੂੰ ਮੈਨੂੰ ਧੋਖਾ ਦਿੱਤਾ ਹੈ।''

ਦੁਕਾਨਦਾਰ, ''ਨਹੀਂ ਸਾਹਬ, ਮੈਂ ਤੁਹਾਨੂੰ ਚੰਗੀ ਕੁਆਲਿਟੀ ਦਾ ਰੇਡੀਓ ਦਿੱਤਾ ਹੈ।''

ਅਨਵਰ, ''ਇਸ 'ਤੇ ਲਿਖਿਆ ਹੈ-ਮੇਡ ਇਨ ਜਾਪਾਨ, ਪਰ ਚਾਲੂ ਕਰੋ ਤਾਂ ਬੋਲਦਾ ਹੈ-ਆਲ ਇੰਡੀਆ ਰੇਡੀਓ।''

*********

ਟੀਚਰ, ''ਪ੍ਰਿੰਸ, ਦੱਸ ਕਾਲ ਕਿੰਨੀ ਤਰ੍ਹਾਂ ਦੇ ਹੁੰਦੇ ਹਨ?'' ਪ੍ਰਿੰਸ, ''ਤਿੰਨ ਤਰ੍ਹਾਂ ਦੇ।''

ਟੀਚਰ, ''ਤਿੰਨਾਂ ਦੀ ਇੱਕ-ਇੱਕ ਮਿਸਾਲ ਦੇਹ।''

ਪ੍ਰਿੰਸ, ''ਸਰ, ਕੱਲ੍ਹ ਮੈਂ ਤੁਹਾਡੀ ਬੇਟੀ ਨੂੰ ਦੇਖਿਆ (ਭੂਤਕਾਲ), ਅੱਜ ਮੈਂ ਉਸ ਨੂੰ ਪਿਆਰ ਕਰਦਾ ਹਾਂ (ਵਰਤਮਾਨ ਕਾਲ) ਅਤੇ ਕੱਲ੍ਹ ਮੈਂ ਉਸ ਨੂੰ ਭਜਾ ਕੇ ਲੈ ਜਾਵਾਂਗਾ (ਭਵਿੱਖ ਕਾਲ)।''

ਨੀਰਜ ਨੇ ਅਨਿਲ ਦਾ ਮਜ਼ਾਕ ਉਡਾਉਂਦਿਆਂ ਕਿਹਾ, ''ਸ਼ਰਮ ਦੀ ਗੱਲ ਹੈ ਕਿ ਤੇਰੇ ਪਾਪਾ ਟੇਲਰ ਹਨ ਅਤੇ ਤੇਰੀ ਕਮੀਜ਼ ਫਟੀ ਹੋਈ ਹੈ।''

ਅਨਿਲ, ''ਸ਼ਰਮਾ ਤੈਨੂੰ ਆਉਣੀ ਚਾਹੀਦੀ ਹੈ। ਤੇਰੇ ਪਾਪਾ ਡੈਂਟਿਸਟ ਹਨ ਅਤੇ ਤੇਰਾ ਭਰਾ ਬਿਨਾਂ ਦੰਦਾਂ ਦੇ ਪੈਦਾ ਹੋਇਆ।''

*****

ਪਤਨੀ, ''ਡਾਰਲਿੰਗ, ਕੀ ਮੈਂ ਤੇਰੇ ਸੁਫਨਿਆਂ ਵਿੱਚ ਆਉਂਦੀ ਹਾਂ?''

ਪਤੀ, ''ਨਹੀਂ।''

ਪਤਨੀ, ''ਕਿਉਂ ਨਹੀਂ?''

ਪਤੀ, ''ਕਿਉਂਕਿ ਮੈਂ ਹਨੂਮਾਨ ਚਾਲੀਸਾ ਪੜ੍ਹ ਕੇ ਸੌਂਦਾ ਹਾਂ।''

**ਮੁੰਡੇ** ਵਾਲੇ, ਸਾਨੂੰ ਕੁੜੀ ਪਸੰਦ ਹੈ, ਦੱਸੋ ਵਿਆਹ ਕਦੋਂ ਕਰਨਾ ਹੈ?

ਕੁੜੀ ਵਾਲੇ, ਅਜੇ ਤਾਂ ਕੁੜੀ ਪੜ੍ਹ ਰਹੀ ਹੈ।

ਮੁੰਡੇ ਵਾਲੇ, ਸਾਡਾ ਮੁੰਡਾ ਕਿਹੜਾ ਬਾਂਦਰ ਹੈ, ਜੋ ਕਿਤਾਬ ਪਾੜ ਦੇਵੇਗਾ।

**ਇਕ** ਵਾਰ ਇਕ ਛਿਪਕਲੀ ਦੀ ਨਿਲਾਮੀ ਹੋ ਰਹੀ ਸੀ।

ਪਹਿਲੀ ਬੋਲੀ, 10 ਲੱਖ।

ਦੂਜੀ ਬੋਲੀ, 50 ਲੱਖ।

ਤੀਜੀ ਬੋਲੀ, ਇਕ ਕਰੋੜ।

ਇੰਨੇ ਨੂੰ ਜੱਜ ਸਾਹਿਬ ਬੋਲ ਪਏ, ਆਖਿਰ ਇਸ ਛਿਪਕਲੀ ਵਿੱਚ ਅਜਿਹੀ ਕਿਹੜੀ ਗੱਲ ਹੈ, ਜੋ ਲੋਕ ਇੰਨੀ ਉੱਚੀ ਬੋਲੀ ਲਾ ਰਹੇ ਹਨ?

ਕਿਸੇ ਨੇ ਜਵਾਬ ਦਿੱਤਾ, ਜੱਜ ਸਾਹਿਬ, ਇਸ ਛਿਪਕਲੀ ਤੋਂ ਘਰਵਾਲੀ ਡਰਦੀ ਹੈ।

ਜੱਜ ਸਾਹਿਬ ਬੋਲੇ, ਚੰਗਾ, 2 ਕਰੋੜ ਦੀ ਬੋਲੀ ਮੇਰੇ ਵੱਲੋਂ।




# ਚਰਚ ਵਿਚ ਗੱਲਾਂ ਬਾਬੇ ਨਾਨਕ ਦੀਆਂ

ਆਸਟਰੇਲੀਆ ਦੇ ਸ਼ਹਿਰ ਪਰਥ ਦੇ ਚੜ੍ਹਦੇ ਪਾਸੇ ਇੱਕ ਬਹੁਤ ਹੀ ਸੁੰਦਰ ਸਵੈਨ ਵਾਦੀ ਹੈ, ਗੋਰਿਆਂ ਦੇ ਫਾਰਮ, ਬਹੁਤ ਸਾਰੇ ਰੈਸਤਰਾਂ, ਕੌਫ਼ੀ ਹਾਊਸ, ਹਰੇ ਭਰੇ ਦਿਲਕਸ਼ ਨਜ਼ਾਰੇ ਵਾਲਾ ਕੁਦਰਤੀ ਪਸਾਰਾ ਹੈ। ਪਿਛਲੇ ਐਤਵਾਰ ਮੈਂ ਤੇ ਮੇਰੀ ਪਤਨੀ ਸਵੇਰ ਦੀ ਸੈਰ ਵੇਲੇ ਚੱਲਦੇ ਚੱਲਦੇ ਫਾਰਮਾਂ ਵਿੱਚ ਬਣੇ ਕੰਪਲੈਕਸ ਵੱਲ ਚਲੇ ਗਏ। ਉੱਥੇ 25-30 ਕਾਰਾਂ ਖੜ੍ਹੀਆਂ ਸਨ, ਵਿਚਕਾਰ ਛੋਟਾ ਜਿਹਾ ਕਬਰਸਤਾਨ ਸੀ ਤੇ ਅੱਗੇ ਇੱਕ ਛੋਟੇ ਜਿਹੇ ਆਕਾਰ ਦਾ 50 ਕੁ ਬੰਦਿਆਂ ਦੀ ਸਮਰੱਥਾ ਵਾਲਾ ਚਰਚ ਸੀ। ਉਸ ਵਿੱਚ ਕੁਝ ਗੋਰੇ ਇਕੱਠੇ ਹੋਏ ਸਨ। ਝਿਜਕਦੇ ਹੋਏ ਅਸੀਂ ਵੀ ਅੰਦਰ ਚਲੇ ਗਏ ਤੇ ਪਿੱਛੇ ਇੱਕ ਬੈਂਚ ’ਤੇ ਬੈਠ ਗਏ। ਉਨ੍ਹਾਂ ਨੇ ਆਪਣੀ ਮਰਿਆਦਾ ਤੇ ਸ਼ਰਧਾ ਸਹਿਤ ਪਰੇਅਰ ਕੀਤੀ ਤੇ ਪਾਦਰੀ ਨੇ ਜੀਸਸ ਕ੍ਰਾਈਸਟ ਦਾ ਸੰਦੇਸ਼ ਦਿੱਤਾ। ਸਾਰਾ ਸਮਾਗਮ ਖਤਮ ਹੋ ਗਿਆ ਤੇ ਉਨ੍ਹਾਂ ਲੋਕਾਂ ਨੇ ਸਾਨੂੰ ਉੱਥੇ ਪਿੱਛੇ ਬੈਠੇ ਵੇਖਿਆ ਤਾਂ ਉਹ ਬਹੁਤ ਖੁਸ਼ ਹੋਏ।ਤਮਾਮ ਔਰਤਾਂ ਤੇ ਆਦਮੀ ਇਕੱਲੇ ਇਕੱਲੇ ਸਾਡੇ ਕੋਲ ਆਏ। ਉਨ੍ਹਾਂ ਨਿਮਰਤਾ ਸਹਿਤ ਸਾਡੇ ਨਾਲ ਗੱਲਬਾਤ ਕੀਤੀ, ‘ਤੁਸੀਂ ਕਿੱਥੇ ਠਹਿਰੇ ਹੋ?’ ਕਦੋਂ ਆਏ ਹੋ? ਵਗੈਰਾ ਵਗੈਰਾ। ਫਿਰ ਉਨ੍ਹਾਂ ਨੇ ਆਪਣੇ ਨਾਲ ਚਾਹ ਦਾ ਕੱਪ ਸਾਂਝਾ ਕਰਨ ਲਈ ਕਿਹਾ। ਚਰਚ ਦੇ ਨਾਲ ਹੀ ਕੰਟੀਨ ਸੀ।ਅਸੀਂ ਚਾਹ ਦਾ ਕੱਪ ਲੈ ਕੇ ਇੱਕ ਬੈਂਚ ’ਤੇ ਬੈਠ ਗਏ। ਉਹ ਫਿਰ ਗੱਲਬਾਤ ਕਰਨ ਲਈ ਸਾਡੇ ਕੋਲ ਆਉਣ ਲੱਗੇ। ਹਰੇਕ ਇਹ ਹੀ ਪੁੱਛਦਾ ; ਏਥੇ ਤੁਹਾਡਾ ਕੌਣ ਹੈ? ਕਿੰਨਾ ਚਿਰ ਏਥੇ ਰਹਿਣਾ? ਸਭ ਨੇ ਕਿਹਾ ਕਿ ਅਗਲੀ ਵਾਰ ਫਿਰ ਆਉਣਾ, ਸਾਨੂੰ ਖੁਸ਼ੀ ਮਿਲੇਗੀ। ਚਰਚ ਦਾ ਪਾਦਰੀ ਵੀ ਆਪਣਾ ਗਾਊਨ ਉਤਾਰ ਕੇ ਆਮ ਲਿਬਾਸ ਵਿੱਚ ਉੱਥੇ ਆ ਗਿਆ। ਉਸ ਨੇ ਦੱਸਿਆ ਕਿ ਇਸ ਸਥਾਨ ਨੂੰ 1827 ਵਿੱਚ ਕੈਪਟਨ ਜੇਮਜ਼ ਸਟਰਲਿੰਗ ਨੇ ਖੋਜਿਆ ਸੀ ਤੇ ਉਹ ਬਾਅਦ ਵਿੱਚ ਪਰਥ ਦਾ ਗਵਰਨਰ ਵੀ ਬਣਿਆ। ਉਸ ਦੀ ਯਾਦ ਵਿੱਚ ਇਹ ਚਰਚ 1838 ਵਿੱਚ ਬਣਾਇਆ ਗਿਆ। ਪਾਦਰੀ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਾਨੂੰ ਉਚੇਚੇ ਤੌਰ ’ਤੇ ਫਿਰ ਆਉਣ ਲਈ ਕਿਹਾ।

ਅਗਲੇ ਐਤਵਾਰ ਅਸੀਂ ਫਿਰ ਪਹੁੰਚ ਗਏ। ਪਹਿਲਾਂ ਦੀ ਤਰ੍ਹਾਂ ਉਨ੍ਹਾਂ ਦਾ ਪ੍ਰੋਗਰਾਮ ਜਾਰੀ ਰਿਹਾ। ਚੱਲਦੇ ਸਮਾਗਮ ਦੌਰਾਨ ਮੈਂ ਇੱਕ ਚਿੱਟ ਭੇਜ ਦਿੱਤੀ ਕਿ ਦੋ ਕੁ ਮਿੰਟ ਦਾ ਸਮਾਂ ਮੈਨੂੰ ਵੀ ਦਿੱਤਾ ਜਾਵੇ। ਜਦੋਂ ਉਨ੍ਹਾਂ ਨੇ ਆਪਣਾ ਸਾਰਾ ਕਾਰਜ ਡੇਢ ਕੁ ਘੰਟੇ ਵਿੱਚ ਮੁਕੰਮਲ ਕਰ ਲਿਆ ਤਾਂ ਪਾਸਟਰ ਨੇ ਬੜੇ ਸੁਲਝੇ ਤਰੀਕੇ ਨਾਲ ਦੋ ਚਾਰ ਸ਼ਬਦ ਬੋਲ ਕੇ ਮੈਨੂੰ ਬੁਲਾ ਲਿਆ। ਚਰਚ ਪੂਰਾ ਭਰਿਆ ਹੋਇਆ ਸੀ; ਉੱਥੇ 60-65 ਸਾਲ ਦੀ ਉਮਰ ਤੋਂ ਉੱਪਰ ਵਾਲੇ ਸ਼ਰਧਾਲੂ ਸਨ। ਸਾਰੀ ਬੋਲਚਾਲ ਅੰਗਰੇਜ਼ੀ ਵਿੱਚ ਸੀ।ਮੈਂ ਪਹਿਲੀ ਫੇਰੀ ਦਾ ਜ਼ਿਕਰ ਕਰਦੇ ਹੋਏ ਬੋਲਣਾ ਸ਼ੁਰੂ ਕੀਤਾ।

‘ਪਿਛਲੇ ਐਤਵਾਰ ਸਾਨੂੰ ਇਸ ਸਤਿਕਾਰਤ ਚਰਚ ਵਿੱਚ ਤੁਹਾਨੂੰ ਮਿਲਣ ਦਾ ਮੌਕਾ ਮਿਲਿਆ। ਉਸ ਦਿਨ ਜੋ ਤੁਸੀਂ ਅਤੇ ਪਾਸਟਰ ਨੇ ਸਾਡਾ ਸਤਿਕਾਰ ਤੇ ਖਾਤਰਦਾਰੀ ਕੀਤੀ ; ਸਾਨੂੰ ਆਪ ਦਾ ਸਹਿਣਸ਼ੀਲਤਾ ਭਰਿਆ ਮਿਲਾਪ ਬਹੁਤ ਚੰਗਾ ਲੱਗਿਆ। ਮੇਰਾ ਸਿੱਖ ਧਰਮ ਇਸ ਦੁਨੀਆ ਦਾ ਸਭ ਤੋਂ ਘੱਟ ਉਮਰ ਦਾ ਲਗਭਗ 553 ਕੁ ਸਾਲ ਦਾ ਹੈ। ਸਾਡੇ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦਾ ਮਨੁੱਖਤਾ ਨੂੰ ਦਿੱਤਾ ਵੱਡਾ ਸੰਦੇਸ਼ ਹੈ: ਕਿਰਤ ਕਰੋ, ਰੋਜ਼ਮਰ੍ਹਾ ਜ਼ਿੰਦਗੀ ਵਿੱਚ ਕਿਸੇ ਨੂੰ ਲੁੱਟਣਾ ਨਹੀਂ, ਸ਼ੋਸ਼ਣ ਕਰ ਕੇ ਰੋਟੀ ਨਹੀਂ ਕਮਾਉਣੀ, ਹੱਕ ਸੱਚ ਦੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਕਿਰਤ ਕਰਨੀ ਹੈ।ਨਾਮ ਜਪੋ; ਉਹ ਰਚਨਹਾਰਾ ਜੋ ਕੁੱਲ ਹਯਾਤੀ ਦਾ ਚਾਲਕ ਹੈ, ਉਸ ਦੀ ਅਰਾਧਨਾ ਕਰਦੇ ਰਹਿਣਾ ਹੈ; ਉਸ ਨੂੰ ਹਿਰਦੇ ਵਿੱਚੋਂ ਵਿਸਾਰਨਾ ਨਹੀਂ। ਹਮੇਸ਼ਾਂ ਉਸ ਬ੍ਰਹਿਮੰਡ ਦੇ ਮਾਲਕ ਨੂੰ ਯਾਦਾਂ ਵਿੱਚ ਵਸਾਈ ਰੱਖਣਾ ਹੈ। ਵੰਡ ਛਕੋ; ਆਪਣੀ ਕਿਰਤ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਨੀ ਹੈ। ਸਾਡੀ ਰੋਜ਼ਾਨਾ ਦੀ ਅਰਦਾਸ ਵਿੱਚ ‘ਸਰਬੱਤ ਦੇ ਭਲੇ’ ਦੀ ਮੰਗ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮੈਂ ਸ੍ਰੀ ਹਰਿਮੰਦਰ ਸਾਹਿਬ ਬਾਰੇ ਵੀ ਦੱਸਿਆ।ਮੈਂ ਜਿਉਂ ਹੀ ਚਾਰ-ਪੰਜ ਮਿੰਟ ਬੋਲ ਕੇ ਉਨ੍ਹਾਂ ਦਾ ਧੰਨਵਾਦ ਕੀਤਾ ਤਾਂ ਉੱਥੇ ਹਾਜ਼ਰ ਲੋਕਾਂ ਨੇ ਇਸ ਕਦਰ ਤਾੜੀਆਂ ਮਾਰੀਆਂ ਕਿ ਚਰਚ ਗੂੰਜ ਉੱਠਿਆ। ਜਦੋਂ ਮੈਂ ਬੈਠ ਗਿਆ ਤਾਂ ਫਿਰ ਪਾਦਰੀ ਨੇ ਮੇਰੀ ਤਕਰੀਰ ਦੇ ਹਵਾਲੇ ਨਾਲ ਗੁਰੂ ਨਾਨਕ ਦੇਵ ਜੀ ਬਾਰੇ ਤੇ ਸ੍ਰੀ ਹਰਿਮੰਦਰ ਸਾਹਿਬ ਤੇ ਸਿੱਖੀ ਸਿਧਾਤਾਂ ਬਾਰੇ ਬਹੁਤ ਸਤਿਕਾਰਤ ਗੱਲਾਂ ਕੀਤੀਆਂ। ਜਦੋਂ ਸਾਰੇ ਚਰਚ ਵਿੱਚੋਂ ਬਾਹਰ ਆਏ ਤਾਂ ਪਾਦਰੀ ਨੇ ਦੋ-ਤਿੰਨ ਵਾਰ ਅੰਗਰੇਜ਼ੀ ਵਿੱਚ ਕਿਹਾ, ‘ਬਹੁਤ ਵਧੀਆ।’

ਬਾਕੀ ਦੂਸਰੇ ਬਜ਼ੁਰਗਾਂ ਨੇ ਵੀ ਇਕੱਲੇ ਇਕੱਲੇ ਮਿਲ ਕੇ ਧੰਨਵਾਦ ਕੀਤਾ। ਸਭ ਨੇ ਕਿਹਾ ਕਿ ਤੁਹਾਡਾ ਆਉਣਾ ਚੰਗਾ ਲੱਗਿਆ।ਬਾਅਦ ਵਿੱਚ ਚਾਹ ਦੇ ਕੱਪ ’ਤੇ ਜਦੋਂ ਬਾਹਰ ਆ ਕੇ ਉਨ੍ਹਾਂ ਗੋਰਿਆਂ ਨੇ ਜੋ ਗੱਲਾਂ ਕੀਤੀਆਂ; ਉਹ ਸੁਣ ਕੇ ਲੱਗਿਆ ਕਿ ਇਨ੍ਹਾਂ ਨੂੰ ਸਾਡੇ ਬਾਰੇ ਬਹੁਤ ਕੁਝ ਪਤਾ ਹੈ। ਬਹੁਤ ਹੀ ਮਾਣ ਮਹਿਸੂਸ ਹੋਇਆ ਜਦੋਂ ਉਨ੍ਹਾਂ ਆਖਿਆ ਕਿ ਤੁਹਾਡੀ ਕਮਿਊਨਿਟੀ ਦੇ ਲੋਕ ਬਹੁਤ ਮਹਾਨ ਹਨ। ਸੱਚਮੁੱਚ ਸੇਵਾ ਦਾ ਕਾਰਜ ਤੁਹਾਡੀ ਕਮਿਊਨਿਟੀ ਦੇ ਹਿੱਸੇ ਹੀ ਆਇਆ ਹੈ। ਸਾਡੇ ਜਦੋਂ ਹੜ੍ਹ ਆਏ ਤੇ ਅੱਗਾਂ ਲੱਗੀਆਂ ਤਾਂ ਸਿੱਖ ਸੰਸਥਾਵਾਂ ਨੇ ਦੁਖੀ ਲੋਕਾਂ ਦੀ ਬਹੁਤ ਮਦਦ ਕੀਤੀ। ਕਰੋਨਾ ਕਾਲ ਵੇਲੇ ਜਦੋਂ ਕੋਈ ਡਰਦਾ ਬਾਹਰ ਨਹੀਂ ਸੀ ਨਿਕਲਦਾ, ਤਦ ਤੁਸੀਂ ਲੋਕ ਜਾਨ ਦੀ ਪਰਵਾਹ ਨਾ ਕਰਦੇ ਹੋਏ ਲੋੜਵੰਦਾਂ ਤੱਕ ਪਹੁੰਚੇ ; ਅਸੀਂ ਸੁਣ ਕੇ ਬਹੁਤ ਹੈਰਾਨ ਹੋਏ ਕਿ ਤੁਹਾਡਾ ਧਰਮ ਸਿਰਫ਼ ਸਾਢੇ ਕੁ ਪੰਜ ਸੌ ਸਾਲ ਹੀ ਪੁਰਾਣਾ ਹੈ, ਪਰ ਜਿਸ ਤਰ੍ਹਾਂ ਤੁਸੀਂ ਸੰਸਾਰ ਪੱਧਰ ’ਤੇ ਨਾਮਣਾ ਹਾਸਲ ਕਰ ਰਹੇ ਹੋ, ਉਹ ਬਹੁਤ ਹੀ ਕਾਬਲੇ-ਤਾਰੀਫ਼ ਹੈ। ਪਗੜੀ ਵਿੱਚ ਤੁਹਾਡੇ ਲੋਕਾਂ ਦੀ ਦਿੱਖ ਬਹੁਤ ਅਕਰਸ਼ਕ ਤੇ ਵਿਲੱਖਣ ਲੱਗਦੀ ਹੈ।

ਤੁਹਾਡੀ ਫੂਡ ਸ਼ੇਅਰਿੰਗ (ਲੰਗਰ ਸੇਵਾ) ਦਾ ਕਾਰਜ ਬਹੁਤ ਸ਼ਲਾਘਯੋਗ ਹੈ। ਇਸ ਕੰਮ ਵਿੱਚ ਕੋਈ ਵੀ ਤੁਹਾਨੂੰ ਮਾਤ ਨਹੀਂ ਦੇ ਸਕਦਾ ਤੇ ਨਾ ਹੀ ਕੋਈ ਮੁਕਾਬਲਾ ਕਰ ਸਕਦਾ ਹੈ। ਤੁਹਾਡੀ ਕਮਿਊਨਿਟੀ ਬਹੁਤ ਹੀ ਇਮਾਨ ਵਾਲੀ ਅਤੇ ਮਿਹਨਤੀ ਹੈ।

ਮੈਨੂੰ ਲੱਗਿਆ ਜੋ ਉਸ ਵੇਲੇ ਚਰਚ ਵਿੱਚ ਜ਼ੋਰਦਾਰ ਤਾੜੀਆਂ ਵੱਜੀਆਂ ਸਨ, ਉਹ ਮੇਰੇ ਬੋਲਾਂ ਦੀ ਪ੍ਰਸੰਸਾ ਨਹੀਂ ਸੀ। ਅਸਲ ਵਿੱਚ ਇਹ ਗੁਰੂ ਜੀ ਦੀ ਵਾਹ ਵਾਹ ਸੀ; ਇਹ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ਾਂ ਦੀ, ਉਨ੍ਹਾਂ ਦੀ ਕੀਰਤੀ ਦੀ ਵਾਹ ਵਾਹ ਸੀ। ਧੁਰ ਕੀ ਬਾਣੀ ਦਾ ਪੈਗਾਮ ਦੇਣ ਆਏ, ਮਨੁੱਖਤਾ ਦੇ ਭਲੇ ਦੀ ਗੱਲ ਦ੍ਰਿੜ ਕਰਾਉਣ ਵਾਲੇ ਉਸ ਰੱਬ ਦੇ ਸੰਦੇਸ਼ ਵਾਹਕ ਬਾਬੇ ਨਾਨਕ ਜੀ ਨੂੰ ਸਿਜਦਾ ਸੀ।



ਗੱਜਣਵਾਲਾ ਸੁਖਮਿੰਦਰ ਸਿੰਘ

# ‘ਰਾਅ’ ਦੇ ਅਫਸਰ ਨੇ ਕੀਤੀ ਖੁਦਕੁਸ਼ੀ

ਨਵੀਂ ਦਿੱਲੀ- ਭਾਰਤ ਦੀ ਬਦਨਾਮ ਗੁਪਤ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਇੱਕ ਅਧਿਕਾਰੀ ਨੇ ਅੱਜ ਨਵੀਂ ਦਿੱਲੀ ਵਿੱਚ ਖੁਦਕੁਸ਼ੀ ਕਰ ਲਈ।ਅਧਿਕਾਰੀ ਨੇ ਨਵੀਂ ਦਿੱਲੀ ਦੇ ਲੋਧੀ ਕਾਲੋਨੀ ਖੇਤਰ ਵਿੱਚ ਏਜੰਸੀ ਦੀ ਇਮਾਰਤ ਤੋਂ ਛਾਲ ਮਾਰ ਦਿੱਤੀ ਅਤੇ ਮੌਕੇ ‘ਤੇ ਹੀ ਉਸ ਦੀ ਮੌਤ ਹੋ ਗਈ।ਦਿੱਲੀ ਪੁਲਿਸ ਮੁਤਾਬਕ ਉਹ ਡਿਪ੍ਰੈਸ਼ਨ ਤੋਂ ਪੀੜਤ ਸੀ।

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

LANGLEY BANQUET HALL



SERVICE AVAILABLE IN SURREY, DELTA, LANGLEY & ALDERGROVE
6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI WITH RAITA AND DESSERT
220$ a month
OR
6 DAY VEG
1 DAAL 1 SABZI 8 ROTI WITH RAITA AND DESSERT 200$ month
ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ
ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਸਿੱਧੂ ਮੂਸੇਵਾਲਾ ਨੂੰ ਇਨਸਾਫ਼ ਦਿਵਾਉਣ ਲਈ ਪਰਿਵਾਰ ਨੇ ਦਸਤਖਤ ਮੁਹਿੰਮ ਵਿੱਢੀ

ਮਾਨਸਾ- ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਇਨਸਾਫ਼ ਦਿਵਾਉਣ ਦੀ ਮੰਗ ਲਈ ਉਸ ਦੇ ਪਰਿਵਾਰ ਨੇ ਪਿੰਡ ਮੂਸਾ ਆਉਣ ਵਾਲੇ ਗਾਇਕ ਦੇ ਪ੍ਰਸ਼ੰਸਕਾਂ ਜ਼ਰੀਏ ਦਸਤਖ਼ਤ ਮੁਹਿੰਮ ਵਿੱਢੀ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਹਰ ਐਤਵਾਰ ਨੂੰ ਵੱਡੀ ਗਿਣਤੀ ਵਿਚ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕ ਪਿੰਡ ਪਹੁੰਚਦੇ ਹਨ ਅਤੇ ਦਿਲ ਦੀ ਗੱਲ ਸਾਂਝੀ ਕਰਦੇ ਹਨ ਪਰ ਕਈ ਵਾਰ ਉਹ ਉਨ੍ਹਾਂ ਨੂੰ ਮਿਲ ਨਹੀਂ ਸਕਦੇ, ਜਿਸ ਕਾਰਨ ਉਹ ਮਹਿਸੂਸ ਕਰਦੇ ਹਨ ਕਿ ਪ੍ਰਸ਼ੰਸਕਾਂ ਨੂੰ ਨਿਰਾਸ਼ਾ ਝੱਲਣੀ ਪੈਂਦੀ ਹੈ, ਇਸ ਲਈ ਉਨ੍ਹਾਂ ਫ਼ੈਸਲਾ ਕੀਤਾ ਹੈ ਕਿ ਘਰ ਆਉਣ ਵਾਲਾ ਹਰ ਵਿਅਕਤੀ ਆਪਣੇ ਦਿਲ ਦੀ ਗੱਲ ਰਜਿਸਟਰ ‘ਤੇ ਲਿਖ ਸਕਦਾ ਹੈ ਅਤੇ ਸਿੱਧੂ ਮੂਸੇਵਾਲਾ ਨੂੰ ਇਨਸਾਫ਼ ਦੇਣ ਦੀ ਮੰਗ ਕਰਦਿਆਂ ਆਪਣੇ ਦਸਤਖ਼ਤ ਕਰ ਸਕਦਾ ਹੈ। ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਕਈ ਗਾਇਕ ਸਿੱਧੂ ਮੂਸੇਵਾਲਾ ਦੇ ਆਖ਼ਰੀ ਸਮੇਂ ਦੀਆਂ ਵੀਡਿਓ ਵਰਤ ਕੇ ਅੱਗੇ ਵਧਣਾ ਚਾਹੁੰਦੇ ਹਨ, ਜੋ ਕਿ ਉਨ੍ਹਾਂ ਨੂੰ ਦੇਖਣੀਆਂ ਮੁਸ਼ਕਲ ਹੋ ਜਾਂਦੀਆਂ ਹਨ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਆਪਣੇ ਗਾਣਿਆਂ ਅਤੇ ਹੁਨਰ ਦੇ ਸਿਰ ‘ਤੇ ਗਾਇਕ ਅੱਗੇ ਵਧਣ।

FRASERVIEW MEATS
The Name of Guaranteed Quality Meats



Number One Quality Meat in Lower Mainland
We also sell cooked chicken We take orders for all occassion
Serving You Since 1993
Try our Special Chicken Tikkar



Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com

New Healing Touch Accupressure
(Practising Chandel's Method)
We Cure: Back Pain, Neck/Shoulder, Sciatica Pain, Stress, Migraine Pain, Digestive Disorder, Solar Plexus, Asthma, Depression, Anxiety Infertility/Conception, Fibromyalgia, Slipped Disk, Cervical Spondylitis, leg/Knee Pain, Tensions, Headaches, Constipation, Fatigue, Arthritis, Obesity, Parkinson's Disease, High Blood pressure, Minieres, harmonal imbalance, (M.S) Muscular Dystrophy, Stroke, Cancer and much more...
We Specialize in Ladies & Children Problems
Height Increase & Conception Cases
- Quick Checkup and Effective Relief
- No Medication, No Needles
- No Side Effects
- All Natural Form Of Healing
Experience The Most Powerful Whole Body Detoxification Exiting In The World
First Consultation FREE



Dr. Sukhpal Sangha (M.D.A)
Certified Accupressurist,
Director OF International Accupressure Medical Accosiation USA
Email: sanghasukhpal@gmail.com
604-857-2806

Open 24 Hours 7 Days a Week
ATLAS ANIMAL HOSPITAL





• Animal Dermatology
• Pet Cardiology
• Pet Deworming
• Pet Ear Infection
• Pet Endocrine Diseases
• Pet Eye Infections
• Flea & Tick Control
• Pet Oral Infections
• Pet Allergies
• Pet Anal Gland Expression
• Vaccination
• Dental Cleaning
• Pet Grooming
• Nail Trimming
• Ear Cleaning
• Pet Boarding
• Puppy Training
• Veterinary Diets
• Behavioral Consultation
• Pet Identification
• End of Life
Dr. H. Bhullar & Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

21 ਤੋਪਾਂ ਦੀ ਸਲਾਮੀਂ ਉਹਨਾਂ ਪੰਜਾਬੀਆਂ ਨੂੰ ਜਿਨ੍ਹਾ ਟੀਵੀ ਤੇ ਮਸ਼ਹੂਰੀਆਂ ਦੇਖ-ਦੇਖ ਰਸੋਈ ਵਿੱਚ ਦੇਸੀ ਘਿਓ ਦੀ ਥਾਂ ਰਿਫਾਇੰਡ ਦਾ ਡੱਬਾ ਲਿਆ ਰੱਖਿਆ....ਤੇ ਓਧਰ ਸ਼ਹਿਰੀ ਲੋਕ ਸਾਡੇ ਵਰਗਿਆਂ ਕੋਲ ਮਿੰਨਤਾਂ ਕਰਦੇ

# ਵੱਡੀ ਮਹਾਂਮਾਰੀ 'ਚ ਘਿਰ ਚੁੱਕਾ ਹੋਇਆ ਮਨੁੱਖ

ਲੰਘ ਚੁੱਕੀਆਂ ਮਹਾਂਮਾਰੀਆਂ ਦਾ ਤਾਂ ਇਲਾਜ ਲੱਭ ਲਿਆ ਬੰਦੇ ਨੇ, ਵੈਕਸੀਨਾ ਬਣਾ ਲਈਆਂ, ਟੀਕੇ ਦਵਾਈਆਂ ਪਰ ਇਸ ਮਹਾਂਮਾਰੀ ਦਾ ਇਲਾਜ ਨਾ ਹੋ ਗਿਆ ਬੰਦੇ ਤੋਂ। ਨਾ ਟੀਕਾ ਬਣਨਾ, ਦਵਾਈ ਨਾ ਕੋਈ ਵੈਕਸੀਨ। ਸਮਾ ਨੇੜੇ ਹੈ ਜਦ ਨਸ਼ੇ ਛੁਡਾਊ ਕੇਦਰਾਂ ਤਰਾਂ ਫੋਨ ਛੁਡਾਊ ਕੇਂਦਰ ਖੁਲਣਗੇ ਅਤੇ ਪਾਗਲਾਂ ਦੇ ਹਸਪਤਾਲਾਂ ਵਿਚ ਭੀੜਾਂ ਆਮ ਹੋਣਗੀਆਂ। ਇਸ ਵਾਇਰਸ ਵਾਸਤੇ ਮੈਨੂੰ ਨਹੀ ਜਾਪਦਾ ਕੋਈ ਵੈਕਸੀਨ ਬਣਨ ਵਾਲੀ ਹੈ। ਕਿਓਂਕਿ ਇਸ ਬਿਮਾਰੀ ਬਾਰੇ ਬੰਦਾ ਚਿੰਤਤ ਹੀ ਨਹੀ। ਜਦ ਬਿਮਾਰੀ ਕੋਈ ਬਿਮਾਰੀ ਜਾਪੇ ਹੀ ਨਾ ਤਾਂ ਤੁਸੀਂ ਉਸ ਦਾ ਇਲਾਜ ਕਿਓਂ ਲੱਭਣ ਤੁਰੋਂਗੇ ਅਤੇ ਇਹੀ ਕਾਰਣ ਹੈ ਕਿ ਇਹ ਬਿਮਾਰੀ ਮਹਾਂਮਾਰੀ ਦਾ ਰੂਪ ਲੈਂਦੀ ਨਜਰ ਆ ਰਹੀ ਹੈ ਜਿਥੇ ਬੰਦਾ ਰੋਟੀ ਤੋਂ ਬਿਨਾ ਤਾਂ ਸ਼ਾਇਦ ਚਾਰ ਦਿਨ ਕੱਢ ਜਾਏ ਪਰ ਇਸ ਫੋਨ ਤੋਂ ਬਿਨਾ ਨਹੀ। ਰਿਸ਼ਤੇ ਨਾਤੇ, ਮਾਂ ਪਿਓ, ਭੈਣ ਭਰਾ, ਮਿਤਰ ਦੋਸਤ, ਕਲਾ, ਕਿਤਾਬ, ਸੰਗੀਤ, ਕੁਦਰਤ, ਚੰਨ ਤਾਰੇ, ਹਾਸੇ, ਖੇੜੇ, ਸਕੂਨ ਸਭ ਨਿਗਲ ਗਈ ਇਹ ਮਹਾਂਮਾਰੀ। ਬੜਾ ਕੁਝ ਖੋਹ ਚੁਕਾ ਮਨੁੱਖ ਇਸ ਮਹਾਮਾਰੀ ਹਥੋਂ ਅਤੇ ਖੋਏ ਵੰਨੀ ਵਾਪਸ ਮੁੜਨਾ ਔਖਾ। ਕਿਸੇ ਦੀ ਕੀ ਗਲ ਕਰਨੀ ਮੈਂ ਖੁਦ ਮੰਨਦਾ ਕਿ ਮੈਂ ਬੜਾ ਕੁਝ ਗੁਆ ਚੁਕਾਂ ਹੋਇਆਂ। ਹਾਲੇ ਕਿ ਮੈਂ ਓਨਾ ਕੁਝ ਲੋਕਾਂ ਵਿਚੋਂ ਜਿਹੜੇ ਰਾਤਾਂ ਨੂੰ ਘੰਟੀਆਂ ਦਾ ਸਾਹ ਘੁੱਟ ਕੇ ਸੌਂਦੇ ਅਤੇ ਦਿਨ ਵੇਲੇ ਵੀ ਫੋਨ ਕਿਸੇ ਨਾ ਕਿਸੇ ਗੁੱਠੇ ਗੁਆਚਾ ਹੀ ਰਹਿੰਦਾ ਪਰ ਬਾਵਜੂਦ ਇਸਦੇ ਮੈਨੂੰ ਮਹਿਸੂਸ ਹੁੰਦਾ ਕਿ ਇਸ ਹਨੇਰੀ ਵਿਚ ਮੇਰਾ ਵੀ ਬਹੁਤ ਕੁਝ ਉਡ ਗਿਆ। ਇਸ ਵਾਇਰਸ ਤੋਂ ਪਹਿਲਾਂ ਮੇਰੀਆਂ ਮਨ ਪਸੰਦ ਦੋ ਥਾਵਾਂ ਹੁੰਦੀਆਂ ਸਨ ਕਬਰਸਤਾਨ ਜਾਂ ਸਮੁੰਦਰ ਦਾ ਕੰਢਾ। ਵੈਨਕੋਵਰ ਮੇਰੇ ਕਰੀਬੀ ਮਿੱਤਰਾਂ ਵਿਚ ਆਮ ਪ੍ਰਚਲਤ ਸੀ ਕਿ ਸੱਧੇਵਾਲੀਆ ਨਾ ਲਭੇ ਤਾਂ ਕਿਸੇ ਕਬਰਸਤਾਨ ਵਿਚ ਜਰੂਰ ਲਭ ਜਾਏਗਾ। ਮੇਰੇ ਨਿਆਣੇ ਵੀ ਜਿਆਦਾਤਰ ਕਬਰਸਤਾਨਾ ਵਿਚ ਹੀ ਖੇਡਦੇ ਰਹੇ ਨੇ ਕਿਓਂਕਿ ਓਹ ਮੇਰੀ ਮਨਪਸੰਦ ਥਾਂ ਹੁੰਦੀ ਸੀ। ਪਰ ਜਿਓਂ ਹੀ ਨਵੇਂ ਜੁਗ ਨੇ ਮੇਰੇ ਵਿਚ ਵੀ ਪ੍ਰਵੇਸ਼ ਕੀਤਾ ਓਹ ਸਭ ਥਾਵਾਂ ਮੈਨੂੰ ਅਲਵਿਦਾ ਆਖ ਗਈਆਂ ਯਾਣੀ ਖੁਦ ਨਾਲ ਬੈਠਣਾ ਵਿਸਰ ਗਿਆ। ਮੈਂ ਇਹ ਮੰਨਦਾ ਹਾਂ। ਸੰਸਾਰ ਦਾ ਵਡਾ ਝੂਠ ਹੈ ਇਹ ਕਿ ਟੈਕਨਾਲਜੀ ਨੇ ਸੰਸਾਰ ਨੂੰ ਨੇੜੇ ਕੀਤਾ ਅਤੇ ਦੂਰੀਆਂ ਮਿਟਾ ਦਿਤੀਆਂ ਨੇ। ਅਜ ਜਿੰਨਾ ਮਨੁਖ ਦੂਰ ਕਦੇ ਹੋਇਆ ਹੀ ਨਾ ਸੀ ਜਿਹੜਾ ਇਕੇ ਘਰ ਵਿਚ, ਇਕੇ ਸੋਫੇ ਤੇ ਬੈਠਾ ਵੀ ਨੇੜੇ ਨਹੀ ਰਿਹਾ। ਮਾਂ ਕਿਤੇ ਹੈ, ਪੇ ਕਿਤੇ ਹੈ ਪੁੱਤ ਕਿਤੇ ਨੇ, ਧੀਆਂ ਕਿਤੇ ਪਰ ਹੈਨ ਸਾਰੇ ਇਕੇ ਘਰ ਵਿਚ। ਮਾਂ ਨਿਆਣੇ ਨੂੰ ਅਵਾਜ ਮਾਰੇ ਤਾਂ ਜਵਾਬ ਅਗਿਓਂ ਸੂਈ ਕੁਤੀ ਵਰਗਾ ਹੁੰਦਾ ਕਿਓਂਕਿ ਨਿਆਣਾ ਉਸ ਦਾ ਘਰ ਵਿਚ ਹੁੰਦਾ ਹੀ ਨਹੀ। ਉਸ ਦੀ 'ਲਿਵ' ਤੋੜਨ ਵਾਲੀ ਮਾਂ ਕੌਣ ਹੁੰਦੀ। ਜਿਹੜਾ 'ਜਿੰਨ' ਬੰਦਾ ਬੋਤਲ ਚੋਂ ਕਢ ਬੈਠਾ ਹੁਣ ਇਹ ਨਾ ਵਾਪਸ ਪੈ ਗਿਆ ਜਿੰਨਾ ਚਿਰ ਬੰਦੇ ਦਾ ਅੰਤ ਨਹੀ ਕਰ ਦਿੰਦਾ। ਇੱਕ ਮਹਾਂਮਾਰੀ ਹੁੰਦੀ ਕਿ ਬੰਦਾ ਦੌੜਦਾ ਉਸ ਤੋਂ ਅਤੇ ਬਚਣ ਦੇ ਉਪਾਓ ਕਰਦਾ ਪਰ ਇਸ ਮਹਾਂਮਾਰੀ ਨੂੰ ਤਾਂ ਬੰਦਾ ਹਿਕ ਨਾਲ ਲਾ ਕੇ ਤੁਰਦਾ। ਕਿਤੇ ਬਿਨਾ ਫੋਨ ਜੇਹਬ ਪਾਈ ਘਰੋਂ ਨਿਕਲ ਕੇ ਦੇਖੋ ਜੇ ਅੰਦਰ ਤੂਫਾਨ ਨਾ ਉਠ ਖੜਾ ਹੋਇਆ। ਇਹ ਓਹ ਨਸ਼ਾ ਹੈ ਜਿਹੜਾ ਔਰਤਾਂ, ਮਰਦਾਂ, ਬਚਿਆਂ ਬੁੱਢਿਆਂ ਤੱਕ ਦੀ ਹਰ ਵੇਲੇ ਡਬ ਵਿਚ ਹੁੰਦਾ । ਫੋਨ ਦੀ ਬੈਟਰੀ ਦਾ ਹੇਠਾਂ ਜਾਣਾ ਇਓਂ ਜਾਪਣ ਲਗਦਾ ਜਿਵੇਂ ਦਿਲ ਦੀ ਧੜਕਣ ਹੇਠਾਂ ਜਾ ਰਹੀ ਹੋਵੇ ਕਿ ਜੇ ਮੁਕ ਗਈ? ਹੁਣ ਤਾਂ ਬੰਦਾ ਮਰੇਗਾ, ਹੋਣੀ ਇਸ ਦੀ ਅਵਸ਼ ਤਹਿ ਹੈ। ਕੋਈ ਨਾ ਬਚਾ ਸਕਿਆ ਇਸ ਨੂੰ ਹੁਣ ਇਸ ਮਹਾਂਮਾਰੀ ਤੋਂ। ਕਾਰਟੂਨ ਸੀ ਕਿ ਪਹਿਲਾਂ ਮਾਂ ਨਿਆਣੇ ਆਵਦੇ ਨੂੰ ਘਰ ਦੇ ਅੰਦਰ ਖਿਚ ਰਹੀ ਸੀ ਕਿ ਬਸ ਕਰ ਬਹੁਤ ਖੇਡ ਲਿਆ ਪਰ ਹੁਣ ਮਾਂ ਓਸੇ ਨਿਆਣੇ ਨੂੰ ਬਾਹਰ ਧੂਹ ਰਹੀ ਕਿ ਛਡ ਦੇਹ ਫੋਨ ਘੜੀ ਦੇਹੀ ਨੂੰ ਹਿਲਾ ਲੈ। ਫੋਨ ਦੀ ਇਕ ਟੰਅਨ ਤੁਹਾਡੀਆਂ ਸਾਰੀਆਂ ਲਿਵਾਂ ਤੋੜ ਸੁਟਦੀ ਹੈ। ਰੋਟੀ ਦਾ ਸਵਾਦ ਕਿਰਕਿਰਾ ਕਰ ਦਿੰਦੀ ਹੈ ਅਤੇ ਨੇੜੇ ਬੈਠੇ ਨਿਆਣੇ ਅਤੇ ਪਤਨੀ ਨੂੰ ਪਲਾਂ ਵਿਚ ਪਰ੍ਹੇ ਵਗਾਹ ਮਾਰਦੀ ਹੈ। ਬੰਦਾ ਨਾ ਗੁਰੂ ਘਰ ਦੀ ਸਰਦਲ ਟਪਣ ਲਗਿਆਂ ਇਸ ਨੂੰ ਛਡ ਸਕਦਾ ਨਾ ਕਿਸੇ ਨੂੰ ਆਖਰੀ ਅਲਵਿਦਾ ਆਖਣ ਗਿਆ। ਕਿੰਨਾ ਵਡਾ ਭੁਲੇਖਾ ਪਾਲ ਲਿਆ ਬੰਦੇ ਕਿ ਅਜ ਮਨੁੱਖ ਅਜਾਦ ਚੁਕਾ ਹੋਇਆ। ਜਦ ਕਿ ਉਸ ਨੂੰ ਘਰੇ ਬੈਠੇ ਨੂੰ ਹੀ ਕੈਦ ਕਰ ਲਿਆ ਗਿਆ ਹੈ। ਤੁਸੀਂ ਕਹਿੰਨੇ ਸਾਇੰਸ ਓਹ ਚਿਪਾਂ ਬਣਾਓਂਣ ਜਾ ਰਹੀ ਜਿਸ ਨਾਲ ਤੁਹਾਡੀ ਜਿੰਦਗੀ ਦੀ ਰੁਟੀਨ ਨੂੰ ਓਹ ਲੋਕ ਤਹਿ ਕਰਨਗੇ ਜਿੰਨਾ ਹਥ ਕਮਾਂਡ ਹੋਵੇਗੀ ਪਰ ਬੰਦੇ ਨੂੰ ਪਤਾ ਹੀ ਨਹੀ ਲਗ ਰਿਹਾ ਕਿ ਓਹ ਚਿਪਾਂ ਤਾਂ ਤੁਹਾਡੇ ਹਥ ਫੜਾ ਵੀ ਦਿਤੀਆਂ ਗਈਆਂ ਨੇ। ਤੁਸੀ ਰਾਤ ਹੋਰ ਪਲੈਨ ਕਰਕੇ ਸੁਤੇ ਹੁੰਨੇ ਪਰ ਸਵੇਰੇ ਫੋਨ ਤਹਿ ਕਰਦਾ ਕਿ ਤੁਸੀਂ ਜਾਣਾ ਕਿਧਰ ਐ। ਇਨੀ ਵਾਰੀ ਅਮਲੀ ਨਹੀ ਫੀਮ ਦੀ ਡਬੀ ਲਈ ਜੇਹਬ ਵਿਚ ਹਥ ਮਾਰਦਾ ਜਿੰਨੀ ਵਾਰੀ ਬੰਦਾ ਫੋਨ ਦੀ ਡਬੀ ਖੋਹਲਦਾ। ਯਾਦ ਰਖਣਾ ਮੈਂ 'ਹੈਕ' ਹੋ ਚੁਕਾ ਹੋਇਆਂ ਪਰ ਮੈਨੂੰ ਸਮਝ ਨਹੀ। ਮੈਂ ਗੁਲਾਮ ਹੋ ਚੁਕਾ ਹੋਇਆਂ ਪਰ ਮੈਨੂੰ ਅਹਿਸਾਸ ਨਹੀ। ਮੈਂ ਬੀਮਾਰ ਕਰ ਦਿਤਾ ਗਿਆ ਹਾਂ ਪਰ ਮੈਨੂੰ ਪਤਾ ਨਹੀ। ਮੈਂ ਪਤਾ ਕਰਾਂ ਅਤੇ ਇਸ ਵਡੀ ਮਹਾਂਮਾਰੀ ਵਿਚੋਂ ਸਹਿਜੇ ਸਹਿਜੇ ਬਾਹਰ ਆਓਣ ਵੰਨੀ ਤੁਰਾਂ ਨਹੀ ਤਾਂ ਭਵਿਖ ਮੇਰਾ ਨਹੀ ਫੋਨਾਂ ਵਾਲਿਆਂ ਦਾ ਹੈ ਜਿੰਨਾ ਇਹ ਵਾਇਰਸ ਮੇਰੇ ਵਿਹੜੇ ਸੁਟੀ ਹੈ। ਨਹੀ ?-ਗੁਰਦੇਵ ਸਿੰਘ ਸੱਧੇਵਾਲੀਆ

# ਪਤੇ ਦੀ ਗੱਲ...

ਨੇਂ ਕਿ "ਬਾਈ ਬਣਕੇ ਘਰ ਦਾ ਦੇਸੀਂ ਘਿਓ ਦੇ ਦਿਓ... ਬੱਚਿਆਂ ਖਾਤਰ ਚਾਹੀਦਾ ਆ...ਘਿਓ ਅਸਲ ਹੋਵੇ ਰੇਟ ਜਿਹੜਾ ਮਰਜੀ ਲਾ ਲਿਓ"

ਦਾਦੀ ਦੀ ਇੱਕ ਕਹਾਵਤ ਅਕਸਰ ਹੀ ਚੇਤੇ ਆ ਜਾਂਦੀ ਐ- "ਦੇਖੋ ਜੱਟ ਦੀ ਅਕਲ ਗਈ, ਮੱਝ ਵੇਚ ਕੇ ਘੋੜੀ ਲਈ...ਦੁੱਧ ਪੀਣੋ ਗਿਆ ਲਿੱਦ ਚੱਕਣੀ ਪਈ"

ਗੁਆਂਢ ਚ ਨਿੱਕੇ ਹੁੰਦਿਆਂ ਇੱਕ ਵਿਆਹ ਦੇਖਿਆ ਸੀ...ਕਿਸੇ ਜਨਾਨੀ ਨੇਂ ਬੋਲੀ ਪਾਈ- "ਘੱਲਿਆ ਸੀ ਮੈਂ ਮੱਝ ਖਰੀਦਣ, ਖਰੀਦ ਲਿਆਇਆ ਕੱਟਾ....ਵੇ ਤੂੰ ਮੂਤ ਪੀ ਲਈਂ, ਮੂਤ ਪੀ ਲਈਂ ਜੱਟਾ"

ਕਦੇ ਦੁੱਧ ਅਤੇ ਘਿਓ ਸਾਂਝੇ ਪੰਜਾਬ ਦੀ ਮੁਢਲੀ ਲੋੜ ਹੁੰਦੀ ਸੀ...ਅੱਜ ਵੀ ਅਸੀਸਾਂ ਵਿੱਚ "ਦੁੱਧ ਪੁੱਤ" ਦਾ ਜ਼ਿਕਰ ਅਕਸਰ ਹੀ ਦੇਖਣ ਨੂੰ ਮਿਲ ਜਾਂਦਾ ਐ...

ਆਓ ਜਾਣੀਏ ਇਹ੍ਹ ਸਭ ਕੁਝ ਕਿਵੇਂ ਹੋਇਆ?? ਕਿਉਂ ਹੋਇਆ? ਟੀਵੀ ਤੇ ਮਸ਼ਹੂਰੀ ਦੇਣ ਦਾ ਤਰੀਕਾ ਹੀ ਅਜਿਹਾ ਸੀ ਕਿ ਹਰੇਕ ਪੇਂਡੂ ਨੂੰ ਲੱਗਣ ਲੱਗ ਪਿਆ ਕਿ ਮੇਰਾ ਵੀ ਬਲੱਡ ਪ੍ਰੈਸ਼ਰ ਵੱਧਦਾ ਆ...ਲਓ ਜੀ ਜਿਹੜੀ ਖੁਰਾਕ ਨੇ ਤਾਕਤ ਦੇਣੀ ਸੀ ਉਹ ਬੰਦ ਕਰ ਦਿੱਤੀ... ਦੇਸੀਂ ਘਿਓ ਅਤੇ ਘਰ ਦੀ ਸਰੋਂ ਦਾ ਤੇਲ ਹੱਡਾਂ ਪੈਰਾਂ ਦਾ ਗਰੀਸ ਸੀ...ਉਹ ਛੱਡ ਕੇ ਕਾਰਪੋਰੇਟ ਘਰਾਣਿਆਂ ਦਾ ਰਿਫਾਇੰਡ ਖਰੀਦਣ ਲੱਗ ਪਏ...

ਘੋੜਾ ਵੇਚ ਕੇ ਗਧਾ ਖਰੀਦਣ ਨੂੰ ਆਪਾਂ ਹੁੱਬ ਕੇ ਸਿਆਣਪ ਦੱਸਣ ਲੱਗ ਪਏ...। ਕਈਆਂ ਦੇ ਐਸਾ ਡਰ ਬੈਠਿਆ ਕਿ ਗੁਰੂ ਘਰ ਗਏ ਕੜਾਹ ਪ੍ਰਸ਼ਾਦਿ ਵੀ ਨਹੀਂ ਲੈਂਦੇ ਕਿ ਇਹਦੇ ਚ ਦੇਸੀ ਘਿਓ ਪਾਇਆ ਆ...ਓ ਭਾਈ ਕੋਈ ਇੱਕ ਵੀ ਬੰਦਾ ਅਜਿਹਾ ਹੈ ਕਿ ਜਿਹੜਾ ਦੱਸੇ ਬੀ ਘਿਓ ਦੀ ਥਾਂ ਰਿਫਾਇੰਡ ਵਰਤਣ ਤੋਂ ਬਾਅਦ ਮੈਨੂੰ ਗੁੱਸਾ ਚੜ੍ਹਨੋ ਹਟ ਗਿਆ..? ਦਰਅਸਲ ਮਸ਼ਹੂਰੀਆਂ ਰਾਹੀਂ ਕਬਾਇਲੀ ਬੈਲਟ (ਕਿਸਾਨ-ਮਜਦੂਰ) ਦੀ ਅਸਲ ਖੁਰਾਕ ਛੁਡਵਾ ਦਿੱਤੀ... ਤੇ ਆਪਣੇ ਪ੍ਰੋਡਕਟ ਵੇਚਣ ਖਾਤਰ ਤੁਹਾਡੀ ਰਸੋਈ ਵਿੱਚੋਂ ਖੁਰਾਕ ਗਾਇਬ ਕਰ ਕੇ ਸਿਰਫ ਢਿੱਡ ਭਰਨ ਤੱਕ ਸੀਮਿਤ ਕਰ ਦਿੱਤਾ...ਜਿਹੜਾ ਖ਼ੁਰਾਕ ਛੱਡ ਗਿਆ ਓਹਦੇ ਤਨ ਅੰਦਰ ਤੰਦਰੁਸਤ ਮਨ ਦਾ ਵਾਸ ਕਿਵੇਂ ਹੋਵੇ? ਤੇ ਬਿਮਾਰ ਮਨ ਹੀ ਨਸ਼ੇ ਵੱਲ ਧੱਕ ਲਿਜਾਂਦਾ ਹੈ। ਨੌਜਵਾਨ ਪੀੜੀ ਵਿੱਚ ਕਮਰ ਦਰਦ, 10 ਮਿੰਟ ਚੌਂਕੜੀ ਮਾਰ ਲਈ ਤਾਂ ਗੋਡੇ ਸਿੱਧੇ ਨਹੀਂ ਹੁੰਦੇ... ਉੱਠਣ ਵੇਲੇ ਹਥੇਲੀਆਂ ਜਮੀਨ ਤੇ ਲਾਉਣੀਆਂ....ਪੌੜੀਆਂ ਚੜ੍ਹਦੇ ਪਿੰਜਣੀਆਂ ਚ ਟੱਸ-ਟੱਸ ਇੰਜ ਕਿਉਂ ਹੁੰਦੈ???

ਜਦਕਿ ਇਸ ਪੀੜੀ ਨੂੰ ਜੰਮਣ ਵਾਲੇ ਹਲੇ ਵੀ ਜਿਓਂਦੇ ਜਾਗਦੇ ਬੈਠੇ ਨੇਂ.... ਜਿਹੜੇ ਅਕਸਰ ਹੀ ਕਹਿੰਦੇ ਮਿਲ ਜਾਣਗੇ- "ਮੋਟਰਸਾਈਕਲ ਤੋਂ ਕੀ ਕਰਾਉਣਾ?? ਆਹ ਚਾਰ ਪਲਾਂਘਾਂ ਚ ਅੱਪੜ ਜਾਵਾਂਗੇ..."ਉਹਨਾਂ ਛੋਲੇ ਭੁੰਨ ਕੇ ਖਾਧੇ ਨੇਂ...ਉਹਨਾਂ ਗੁੜ ਦੀਆਂ ਭੇਲੀਆਂ ਨਾਲ ਇੰਝ ਇਸ਼ਕ ਰੱਖਿਆ ਸੀ ਜਿਵੇਂ ਆਪਾਂ ਪੀਜੇ ਬਰਗਰ ਨਾਲ ਰੱਖਿਆ ਆ...ਉਹਨਾਂ ਗੁੜ-ਸ਼ੱਕਰ ਚ ਦੇਸੀ ਘਿਓ ਪਾ ਕੇ ਵਿੱਚ ਰੋਟੀਆਂ ਕੁੱਟ ਕੁੱਟ ਖਾਧੀਆਂ ਨੇਂ...ਜਿੰਨੀ ਕੁ ਲੱਸੀ ਆਪਾਂ ਪੀਂਦੇ ਆਂ...ਹਰੇਕ ਪਿੰਡ ਚ ਕੋਈ ਨਾ ਕੋਈ ਬਜ਼ੁਰਗ ਐਸਾ ਮਿਲ ਜਾਂਦਾ ਜਿਹੜਾ ਤੁਹਾਡੀ ਲੱਸੀ ਬਰਾਬਰ ਦੇਸੀ ਘਿਓ ਪੀ ਜਾਊ...ਤੇ ਆਪਾਂ 2 ਚਮਚੇ ਖਾ ਕੇ ਹੀ ਪਿੱਟਣ ਲੱਗ ਜਾਨੇਂ ਆਂ- "ਹਾਏ ਉਏ ਤੇਜਾਬ ਬਣ ਗਿਆ" ਹੱਡ ਪੈਰ ਤਾਂ ਖੁਰਾਕ ਦੀ ਘਾਟ ਤੌਂ ਜਵਾਬ ਦੇਣ ਲੱਗ ਜਾਂਦੇ ਨੇਂ ਤੇ ਆਪਣੇ ਆਲੇ ਕਹਿੰਦੇ ਡਾਕਟਰ ਨੇਂ ਯੂਰੀਆ ਦੀ ਸ਼ਿਕਾਇਤ ਦੱਸੀ ਆ... ਤੇ ਪਰਹੇਜ਼ ਵਿੱਚ ਪੂਰਾ ਚਾਰਟ ਬਣਾ ਕੇ ਦਿੱਤਾ ਜਾਂਦਾ- "ਦਹੀ, ਲੱਸੀ, ਮੂੰਗੀ, ਦਾਲ, ਮੀਟ, ਦੁੱਧ, ਘਿਓ, ਚੋਪੜੀ ਰੋਟੀ, ਆਂਡੇ, ਵਗੈਰਾ ਤੋਂ ਪਰਹੇਜ਼ ਰੱਖਣਾਂ... ਗੱਲ ਮੁਕਾਵਾਂ...ਜੇ ਦੇਸੀਂ ਘਿਓ ਏਨਾ ਹੀ ਮਾੜਾ ਹੁੰਦਾ ਤਾਂ ਸ਼ਹਿਰੀਏ ਕਦੇ ਵੀ ਪਿੰਡ ਚ ਆ ਕੇ ਮੂੰਹ ਮੰਗੇ ਰੇਟ ਤੇ ਘਿਓ ਨਾਂ ਲੱਭਦੇ...ਜਿੰਨਾ ਨੂੰ ਵਹਿਮ ਹੈ ਕਿ ਦੇਸੀ ਘਿਓ ਨਾੜਾਂ ਚ ਜੰਮ ਜਾਂਦੈ.. ਉਹਨਾਂ ਨੂੰ ਸਨਿਮਰ ਬੇਨਤੀ ਹੈ ਕਿ ਇੱਕ ਛੋਟੇ ਜਿਹੇ ਲਿਫਾਫੇ ਅੰਦਰ ਜੰਮੇ ਹੋਏ ਦੇਸੀਂ ਘਿਓ ਦਾ ਇੱਕ ਚਮਚਾ ਪਾ ਕੇ ਆਪਣੀ ਕੱਛ ਚ ਦਬਾ ਲਓ... ਦੇਖਿਓ ਕਿਵੇਂ ਠੋਸ ਤੌਂ ਤਰਲ ਬਣਦਾ... ਤੇ ਜਿਸਮ ਦਾ ਅੰਦਰੂਨੀ ਤਾਪਮਾਨ ਤਾਂ ਇਸ ਤੋਂ ਵੀ ਵੱਧ ਹੁੰਦਾ ਏ...ਬਾਕੀ ਬਈ ਤੁਹਾਡੇ ਅੰਦਰ ਲੀਵਰ ਨਾਮ ਦੀ ਸ਼ੈ ਵੀ ਹੈਗੀ...ਇੱਕ ਐਸਾ ਅੰਦਰੂਨੀ ਅੰਗ ਜਿਹੜਾ ਆਪਣੀ ਮੁਰੰਮਤ ਆਪ ਕਰ ਲੈਂਦਾ ਆ....ਓਹਨੇ ਸਭ ਕੁਝ ਜਜ਼ਬ ਕਰ ਕੇ ਉਥੋਂ ਲੋੜੀਂਦੇ ਤੱਤ ਕੱਢ ਕੇ ਸ਼ਰੀਰ ਨੂੰ ਦੇਣੇ ਨੇਂ... ਨਾੜਾਂ ਨੂੰ ਸਿੱਧਾ ਦੇਸੀ ਘਿਓ ਨਹੀਂ ਭੇਜਣ ਲੱਗਾ ਉਹ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

ਦੇਗ ਤੇਗ ਫ਼ਤਿਹ　　ਪੰਥ ਕੀ ਜੀਤ

20 ਨਵੰਬਰ, ਦਿਨ ਐਤਵਾਰ.........ਸਵੇਰੇ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

22 ਨਵੰਬਰ, ਦਿਨ ਮੰਗਲਵਾਰ.......ਬਾਅਦ ਦੁਪਿਹਰ 3:30 ਵਜੇ ਸਵ. ਭਾਈ ਮੋਹਿੰਦਰ ਸਿੰਘ ਲੱਲੀ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

25 ਨਵੰਬਰ, ਦਿਨ ਸ਼ੁੱਕਰਵਾਰ.......ਸਵੇਰੇ 10:00 ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਸ ਦੇ ਭੋਗ 27 ਨਵੰਬਰ, ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ, ਉਪਰੰਤ ਦੀਵਾਨ ਸਜਣਗੇ।

26 ਨਵੰਬਰ, ਦਿਨ ਸ਼ਨਿੱਚਰਵਾਰ....ਸ਼ਾਮ 3:00 ਵਜੇ ਸਵ. ਭਾਈ ਕੁਲਵਰਨ ਸਿੰਘ ਮਿਨਹਾਸ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

26 ਨਵੰਬਰ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਮਰੀਕ ਸਿੰਘ ਪਰਮਾਰ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ　　ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਅਜੇ ਤਾਂ ਬਾਕੀ ਐ!

ਅਜੇ ਤਾਂ ਮੈਂ ਸਕੂਲ ਚ ਦਾਖਲਾ ਲਿਆ
ਪੂਰੀ ਪੜਾਈ ਪੜ੍ਹਨੀ ਤਾਂ ਅਜੇ ਬਾਕੀ ਐ।
ਅਜੇ ਤਾਂ ਮੈਂ ੳ ਅ ਸਿੱਖਿਆ
ਪੂਰੀ ਗੁਰਮੁਖੀ ਸਿੱਖਣੀ ਤਾਂ ਅਜੇ ਬਾਕੀ ਐ।
ਅਜੇ ਤਾਂ ਮੈਂ ਪੱਬ ਭਰਨਾ ਸਿੱਖਿਆ
ਦੌੜ ਜਿੱਤਣੀ ਤਾਂ ਅਜੇ ਬਾਕੀ ਐ।
ਅਜੇ ਤਾਂ ਮੈਂ ਖੰਭ ਖਿਲਾਰੇ
ਉੱਚੀ ਉਡਾਣ ਭਰਨੀ ਤਾਂ ਅਜੇ ਬਾਕੀ ਐ।
ਅਜੇ ਤਾਂ ਮੈਂ ਮੁਸਕਰਾਉਣਾ ਸਿੱਖਿਆ
ਪੂਰੀ ਦੁਨੀਆ ਹਸਾਉਣੀ ਤਾਂ ਅਜੇ ਬਾਕੀ ਐ।
ਅਜੇ ਤਾਂ ਮੈਨੂੰ ਮੇਰੇ ਘਰ ਦੇ ਨੀ ਜਾਣਦੇ
ਰਿਸ਼ਤੇਦਾਰੀ ਨੂੰ ਪਛਾਣ ਕਰਵਾਉਣੀ ਤਾਂ ਅਜੇ ਬਾਕੀ ਐ।
ਅਜੇ ਤਾਂ ਮੈਂ ਕਾਨੇ ਲਿਆਈ
ਕਲਮ ਬਣਾਉਣੀ ਤੇ ਚਲਾਉਣੀ ਤਾਂ ਅਜੇ ਬਾਕੀ ਐ।
ਅਜੇ ਤਾਂ ਕੱਚਿਆਂ ਰਾਹਾਂ ਤੇ ਦੋ ਕਦਮ ਹੀ ਰੱਖੇ ਐ
ਕਦਮਾਂ ਦੀ ਧਮਕ ਪਾਉਣੀ ਤਾਂ ਅਜੇ ਬਾਕੀ ਹੈ।
ਅਜੇ ਤਾਂ ਨਵੇਂ ਨਵੇਂ ਰਿਸ਼ਤੇ ਬਣਾਏ ਐ
ਰਿਸ਼ਤਿਆਂ ਤੇ ਹੱਕ ਜਿਤਾਉਣਾ ਤਾਂ ਅਜੇ ਬਾਕੀ ਐ।
ਅਜੇ ਤਾਂ ਸਰਬਜੀਤ ਨੇ ਸ਼ੁਰੂਆਤ ਕੀਤੀ ਐ
ਚਾਹਤ ਨਾਲ ਮੰਜ਼ਲ ਪਾਉਣੀ ਤਾਂ ਅਜੇ ਬਾਕੀ ਐ।

**-ਸਰਬਜੀਤ ਲੌਂਗੀਆਂ ਜਰਮਨੀ**

## ਮੁਹੱਬਤ

ਅਮਰਜੀਤ ਸਿੰਘ ਸਿੱਧੂ

ਅਦਸ ਬੇ
ਮੈਂ ਤੇਰੇ ਨਾਲ ਮੁਹੱਬਤ ਕਰ ਬੈਠਾ ਹਾਂ
ਦਿਲ ਤੇਰੇ ਕਦਮਾਂ ਵਿੱਚ ਧਰ ਬੈਠਾ ਹਾਂ
ਮੈਂ ਕਿਸੇ ਤੋਂ ਡਰਾਇਆ ਡਰਦਾ ਨਹੀਂ
ਤੇਰੀ ਅੱਖ ਦੀ ਘੂਰ ਤੋਂ ਡਰ ਬੈਠਾ ਹਾਂ
ਤੇਰਾ ਤਾਂ ਮੈਨੂੰ ਸੱਜਣਾ ਪਤਾ ਨਹੀਂ
ਮੈਂ ਜ਼ਖ਼ਮ ਜਿਗਰ 'ਤੇ ਜਰ ਬੈਠਾ ਹਾਂ
ਜਿੱਤਣਾ ਚਾਹੁੰਦਾ ਸੀ ਮੈਂ ਤੈਨੂੰ ਤੇਰੇ ਤੋਂ
ਮੈਂ ਖ਼ੁਦ ਹੀ ਖ਼ੁਦ ਕੋਲੋਂ ਹਰ ਬੈਠਾ ਹਾਂ
ਬੁੱਲ੍ਹਾਂ ਵਿੱਚ ਲੁਕੋ ਹਾਸਿਆਂ ਨੂੰ
ਅੱਖਾਂ ਵਿੱਚ ਹੰਝੂ ਭਰ ਬੈਠਾ ਹਾਂ
ਇੱਕ ਦਿਨ ਤਾਂ ਤੂੰ ਏਥੇ ਹੀ ਆਵੇਂਗੀ
ਮੈਂ ਵੀ ਓਸੇ ਹੀ ਘਰ ਬੈਠਾ ਹਾਂ
ਤੇਰੇ ਤੋਂ ਖ਼ੈਰ ਪਿਆਰ ਦੀ ਮੰਗਣ ਲਈ
ਮੈਂ ਆ ਸਿੱਧੂ ਤੇਰੇ ਦਰ ਬੈਠਾ ਹਾਂ
ਤੂੰ ਮੰਨੇ ਜਾਂ ਨਾ ਮੰਨੇ ਮਰਜ਼ੀ ਤੇਰੀ ਏ
ਮੈਂ ਤਨ ਮਨ ਤੇਰੇ ਨਾਂ ਕਰ ਬੈਠਾ ਹਾਂ
ਇਸ਼ਕ ਦੀ ਬੇੜੀ ਬੰਨੇ ਲੱਗੂ ਪਤਾ ਨਹੀਂ
ਮੈਂ ਇਸ਼ਕ ਸਮੁੰਦਰ ਤਰ ਬੈਠਾ ਹਾਂ
ਮੈਂ ਤੈਨੂੰ ਯਾਰ ਵਿਆਹਵਣ ਦੇ ਲਈ
ਮੀਤੇ ਜਿਉਂਦੇ ਜੀ ਹੀ ਮਰ ਬੈਠਾ ਹਾਂ।

## ਹਥਿਆਰ

ਅਮਨਦੀਪ ਕੌਰ ਹਾਕਮ ਸਿੰਘ ਵਾਲਾ

ਗੋਲ਼ੀ ਚੱਲਦੀ ਕਿਤੇ ਤਾੜ ਤਾੜ ਬੇਲੀ
ਕਿਤੇ ਬੰਬਾਂ ਦੀ ਹੋਵੇ ਬੁਛਾੜ ਬੇਲੀ
ਲੋਕਾਂ ਜਾਨ ਨੂੰ ਖਿਡੌਣਾ ਸਮਝਿਆ ਏ
ਚੱਲਦੀ ਸ਼ਰ੍ਹੇਆਮ ਤਲਵਾਰ ਬੇਲੀ
ਬੇਰਹਿਮੀ ਨਾਲ ਬੰਦਾ ਵੱਢ ਦਿੰਦੇ
ਬੁੱਧੀ ਤੋਂ ਜਾਪਣ ਬਿਮਾਰ ਬੇਲੀ
ਕੈਸਾ ਵੱਢ-ਟੁੱਕ ਦਾ ਦੌਰ ਆਇਆ
ਡਰ ਜਾਪੇ ਸੱਥ ਵਿਚਕਾਰ ਬੇਲੀ
ਯਾਰ ਹੀ ਮਾਰ ਹੁਣ ਕਰਨ ਲੱਗੇ
ਕੀਤਾ ਦੋਸਤੀ ਨੂੰ ਦਾਗ਼ਦਾਰ ਬੇਲੀ
ਐਵੇਂ ਸਿਆਸੀ ਚਾਪਲੂਸ ਨਾ ਬਣੋ ਲੋਕੋ
ਮਾੜਾ ਕੁਰਸੀ ਨਾਲ ਬਹੁਤਾ ਪਿਆਰ ਬੇਲੀ
ਕਿਉਂ ਰੱਜਿਆਂ ਤਾਈਂ ਵੰਡਦਾ ਏ
ਹਾਏ ਭੁੱਖਿਆਂ ਦੀ ਕਦੇ ਲੈ ਸਾਰ ਬੇਲੀ
ਭਾਂਬੜ ਉੱਚੀ ਉੱਚੀ ਮੱਚ ਰਹੇ
ਕਿਵੇਂ ਕਲਮ ਲਵੇ ਦੀਪ ਠਾਰ ਬੇਲੀ।

--------------


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ
ਪੰਜਾਬ ਸਵੀਟ ਹਾਊਸ

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

2 Locations to Serve you

#4-12818-72 Ave., Surrey, BC
604-591-7611

#8A-31205 Old Yale Rd., Abbotsford, BC
604-504-1761


## ਕਵਿਤਾ

ਫਿਰ ਮੈਂ ਨਹੀਂ ਆਈ,
ਆ ਹੀ ਨਹੀਂ ਸਕੀ,
ਪਰਤ ਗਈ ਸੀ ਰਾਹਾਂ 'ਚੋਂ,
ਅਹਿਸਾਸ ਹੋ ਗਿਆ ਸੀ,
ਜੁਰੱਅਤ ਨਹੀਂ ਸੀ ਤੇਰੇ 'ਚ,
ਸੂਰਜ ਦੀ ਅੱਗ ਨੂੰ ਜਜ਼ਬ ਕਰਨਾ,
ਜਾਂ ਚੰਨ ਦੀ ਠੰਢਕ ਸਾਂਭ ਲੈਣੀ,
ਨਦੀ ਦਾ ਵੇਗ ਝੱਲਣਾ,
ਤੇਰੇ ਵੱਸ ਦਾ ਨਹੀਂ ਸੀ,
ਪਹਾੜ ਅੱਗੇ ਅੜਨਾ,
ਤੇਰੀ ਹਾਰ ਨਿਸ਼ਚਿਤ ਸੀ,
ਹੱਕ ਲਈ ਲੜਨਾ ਜਾਂ,
ਜ਼ੁਲਮ ਅੱਗੇ ਤੜਨਾ,
ਤੇਰੇ ਵੱਸ 'ਚ ਨਹੀਂ ਸੀ।
ਤੇ ਹਾਰੇ ਨੂੰ ਪਿਆਰ ਕਰਨਾ,
ਮੇਰੀ ਮਜਬੂਰੀ ਨਹੀਂ ਸੀ।

ਮਨਿੰਦਰ ਕੌਰ ਬਸੀ

## ਪੱਥਰਾਂ ਦਾ ਸ਼ਹਿਰ

**ਭੁਪਿੰਦਰ ਫ਼ੌਜੀ**

ਪੱਥਰਾਂ ਦੇ ਸ਼ਹਿਰ 'ਚ ਅਸੀਂ ਘਰ ਬਣਾ ਲਏ।
ਪੁੱਟ ਸੁੱਟੀਆਂ ਦੇਹਲੀਆਂ ਦਰ ਸੀਸੇ ਸਜਾ ਲਏ।
ਨਾ ਹੁਣ ਦਿਸਦੇ ਤਾਰੇ ਨਾ ਕਦੇ ਚੰਨ ਚੜ੍ਹਿਆ,
ਦਾਦੀ ਚੁੱਪ ਹੈ ਮੋਬਾਈਲ ਰਿਸ਼ਤੇਦਾਰ ਬਣਾ ਲਏ।
ਆਉਂਦੀ ਨਹੀਂ ਕਣੀਆਂ 'ਚੋਂ ਮਹਿਕ ਮਿੱਟੀ ਦੀ,
ਉਦਾਸ ਖੜ੍ਹੇ ਪਿੱਪਲ ਗੁੱਡੀਆਂ ਪਟੋਲਿਆਂ ਰੰਗ ਵਟਾ ਲਏ।
ਵਿੱਚ ਵਿਹੜੇ ਪੰਛੀਆਂ ਨੇ ਚਹਿਕਣਾ ਛੱਡ ਦਿੱਤਾ,
ਰੁੱਖ ਕਤਲ ਕਰ ਵਿੱਚ ਗਮਲਿਆਂ ਬੂਟੇ ਲਾ ਲਏ।
ਉੱਚੀਆਂ ਹੋ ਗਈ ਨੇ ਕਿੰਨੀਆਂ ਇਮਾਰਤਾਂ ਇੱਥੇ,
ਕਿਰਦਾਰ ਆਪਣੇ ਅਸੀਂ ਜ਼ਮੀਨ 'ਤੇ ਬਿਠਾ ਲਏ।
ਰਹੀ ਨਾ ਗੱਲ ਕੋਈ ਮੋਹ ਪਿਆਰ ਦੀ ਸਾਡੇ ਅੰਦਰ,
ਘਰ ਵਸਾਉਂਦੇ-ਵਸਾਉਂਦੇ ਅਸੀਂ ਮਕਾਨ ਵਸਾ ਲਏ।
ਪੱਥਰਾਂ 'ਚ ਰਹਿ ਅਸੀਂ ਪੱਥਰ ਜਿਹੇ ਬਣ ਗਏ ਫ਼ੌਜੀ,
ਮਾਪੇ ਰੁਲਣ ਸੜਕੀਂ ਅਸੀਂ ਬਾਣੇ ਧਰਮੀ ਪਾ ਲਏ।

## ਅਰਜ਼

**ਨਿਰਮਲ ਸਿੰਘ ਰੱਤਾ**

ਕੂੜ ਦਾ ਭਰਿਆ ਨਗਰ ਨਾ ਚਕਨਾਚੂਰ ਹੋ ਜਾਏ
ਕੋਈ ਮਾਰ ਸੁਵੱਲੀ ਨਜ਼ਰ ਹਨੇਰਾ ਦੂਰ ਹੋ ਜਾਏ।
ਪਰਦੇ ਪਾਏ ਅੱਖੀਆਂ ਉੱਤੇ ਮਾਇਆ ਮੋਹਣੀ ਨੇ
ਚਾੜ੍ਹ ਹਾਂ ਸੂਰਜ ਸਭ ਕੁਝ ਨੂਰ-ਓ-ਨੂਰ ਹੋ ਜਾਏ।
ਰਾਮ ਮੁਹੰਮਦ ਬੂਟਾ ਵਿਕਟਰ 'ਕੱਠੇ ਖੇਡਣ ਜੇ
ਸਾਡਾ ਪਿੰਡ ਵੀ ਦੁਨੀਆਂ ਵਿੱਚ ਮਸ਼ਹੂਰ ਹੋ ਜਾਏ।
ਧਰਤ ਅਸਾਡੀ ਜੰਨਤ ਵਰਗੀ ਥਾਂ ਬਣ ਜਾਵੇਗੀ
ਬੰਦੇ ਵਿੱਚ ਇਨਸਾਨੀਅਤ ਜੇ ਭਰਪੂਰ ਹੋ ਜਾਏ।
ਦੰਦੀਆਂ ਵੱਢੇ ਬੇਰੁਜ਼ਗਾਰੀ ਵਾਲਾ ਦੈਂਤ ਜੇ ਇੱਥੇ ਨਾ
ਕਾਹਨੂੰ ਪੁੱਤ ਪਰਦੇਸਾਂ ਲਈ ਮਜਬੂਰ ਹੋ ਜਾਏ।
ਦੇਸ਼ ਅਸਾਡੇ ਬਿਰਧ ਆਸ਼ਰਮ ਹੋਵਣ ਕਿਧਰੇ ਨਾ
ਜੇ ਧੀਆਂ ਲਈ ਵੀ ਵਿੱਦਿਆ ਦਾ ਦਸਤੂਰ ਹੋ ਜਾਏ।
ਹੁਣ ਰਲ ਮਿਲ ਕੁੱਤੀ ਚੋਰਾਂ ਹਾਹਾਕਾਰ ਮਚਾਈ ਹੈ
ਦਾਤਿਆ ਬਚ ਜਾਵੇ ਪੰਜਾਬ ਜੇ ਤੇਰੀ ਘੂਰ ਹੋ ਜਾਏ।


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ਼ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com



# Home Improvement


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $240 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

604-729-3225

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

604.760.1732, 604.442-1571

## ਸੰਦਲ ਰੈਨੋਵੇਸ਼ਨ

Your's Complete Home Renovation

- ਫਰੇਮਿੰਗ
- ਡਰਾਈਵਾਲ
- ਪੇਂਟਿੰਗ
- ਟਾਈਲਜ਼
- ਲੈਮੀਨੇਟ
- ਇਲੈਕਟ੍ਰੀਕਲ
- ਪਲਬਿੰਗ
- ਕਾਰਪੈਟ
- ਰੂਫਿੰਗ ਦਾ ਕੰਮ
- ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ : 604-725-6270

## HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।ਅਸੀਂ ਕਸਟਮਮੇਡ ਘਰ ਵੀ ਬਣਾ ਕੇ ਦਿੰਦੇ ਹਾਂ।



Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Jagveer: 236-515-4532

## DAWN RENOVATION

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Commercial & Residential

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*

ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236

daljitsinghdhami@gmail.com

## ਲੱਖੀ ਰੈਨੋਵੇਸ਼ਨ

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206

lakhwindersembhi@yahoo.ca

## BT LINE PAINTING CO.

ਟੇਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

Cell: 604-340-7497 Res: 604-543-8064

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir 778.320.9413

sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.

BUILDING
YOUR DREAM
CREATING REALTY

Fresh Look HOMES LTD. Residential
J & J FRAMING CONSTRUCTION TEAM
Pacific HOME WARRANTY
2·5·10 Year Warranty



We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਮਦਰ ਇੰਡੀਆ

## CELEBRATING

50 YEARS

## IN BUSSINESS

ਮਦਰ ਇੰਡੀਆ ਦੇ ਸਟੋਰ ਤੇ ਆ ਕੇ $150 ਜਾਂ ਇਸ ਤੋਂ ਵੱਧ ਦੀ ਖਰੀਦਦਾਰੀ ਕਰੋ

ਅਤੇ ਤੁਰੰਤ $50 ਦਾ ਆਪਣੀ ਮਨਪਸੰਦ ਦਾ ਸਮਾਨ ਮੁਫਤ ਲਉ

## ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ



**TEL: 604-430-6072**

Email: nareshcanada@hotmail.com

6647-Main Street (50th Ave.) Vancouver BC V5X 3H3

ਨਰੇਸ਼ ਸ਼ੁਕਲਾ



ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

Dev Bros.

Custom Tailoring

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ ਨਵਾਂ ਸਟੋਰ ਹੁਣ ਐਬਟਸਫੋਰਡ 'ਚ

Phone:604-880-8434

Shifted to New Location
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ
#117, 1779 Clearbook Road, Abbotsford



PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca
Web:www.peacefurniture.ca